Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 193 Tuesday, October 08, 2019 Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
Royal Canadian
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਡੀਬੇਟ ਦੌਰਾਨ ਲੀਡਰਾਂ ਦੀ ਕਾਵਾਂ ਰੌਲੀ ਵਿੱਚ ਗੁਆਚੇ ਰਹੇ ਅਸਲ ਮੁੱਦੇ

ਪੰਜਾਬੀ ਪੋਸਟ ਵਿਸ਼ਲੇਸ਼ਣ: ਓਟਾਵਾ ਵਿਖੇ ਹੋਈ ਫੈਡਰਲ ਲੀਡਰਾਂ ਦੀ ਅੰਗਰੇਜ਼ੀ ਵਿੱਚ ਬਹਿਸ (ਡੀਬੇਟ) ਨੂੰ ਜੇ ਇੱਕ ਸ਼ਬਦ ਵਿੱਚ ਬਿਆਨਿਆ ਜਾ ਸਕਦਾ ਹੈ ਤਾਂ ਉਹ 'ਕਾਵਾਂ ਰੌਲੀ' ਹੈ। ਪਿਛਲੇ ਇੱਕ ਸਾਲ ਤੋਂ ਅਸੀਂ ਵੇਖਦੇ ਆ ਰਹੇ ਹਾਂ ਕਿ ਸਿਆਸੀ ਪਾਰਟੀਆਂ ਨਵਾਂ ਅਤੇ ਸੱਜਰੇ ਖਿਆਲਾਂ ਵਾਲਾ ਪਲੇਟਫਾਰਮ ਪੇਸ਼ ਕਰਨ ਦੀ ਥਾਂ ਇੱਕ ਦੂਜੇ ਦੇ ਨੁਕਸ ਕੱਢਦੀਆਂ ਆ ਰਹੀਆਂ ਹਨ ਜਿਸ ਕਰਕੇ ਇਸ ਸਾਲ ਆਮ ਚਰਚਾ ਹੈ ਕਿ ਚੋਣਾਂ ਵਿੱਚ ਗੰਭੀਰ ਅਤੇ ਅਸਲ ਮੁੱਦੇ ਗਾਇਬ ਹਨ। ਕੱਲ ਸ਼ਾਮ ਹੋਈ ਡੀਬੇਟ ਨੇ ਉਪਰੋਕਤ ਬਿਆਨ ਨੂੰ ਸੱਚ ਸਾਬਤ ਕਰ ਦਿੱਤਾ ਜਦੋਂ ਲਿਬਰਲ, ਕੰਜ਼ਰਵੇਟਿਵ, ਐਨ ਡੀ ਪੀ, ਗਰੀਨ, ਪੀਪਲਜ਼ ਪਾਰਟੀ ਅਤੇ ਬਲਾਕ ਕਿਉਬਕੋਅ ਦੇ ਆਗੂ ਇੱਕ ਦੂਜੇ ਨੂੰ ਗਲਤ ਸਾਬਤ ਕਰਨ ਨੂੰ ਹੀ ਆਪਣਾ ਉਦੇਸ਼ ਸਮਝ ਗੱਲਾਂ ਕਰਦੇ ਰਹੇ। ਦੋ ਘੰਟੇ ਦੇ ਸਮੇਂ ਵਿੱਚ ਘੱਟੋ ਘੱਟ ਇੱਕ ਕਰੋੜ ਕੈਨੇਡੀਅਨਾਂ ਨੇ ਇਹ ਡੀਬੇਟ ਵੇਖੀ ਜਾਂ ਸੁਣੀ ਹੋਵੇਗੀ ਅਤੇ ਬਹੁ ਗਿਣਤੀ ਕੈਨੇਡੀਅਨ ਆਪਣੇ ਲੀਡਰਾਂ ਦੀ ਪਰਫਾਰਮੈਂਸ ਤੋਂ ਲਾਜ਼ਮੀ ਮਾਯੂਸ ਹੋਏ ਹੋਣਗੇ।

ਡੀਬੇਟ ਦਾ ਪਹਿਲਾ ਸੁਆਲ ਕੈਨੇਡਾ ਅਤੇ ਵਿਸ਼ਵ ਸਟੇਜ ਉੱਤੇ ਲੀਡਰਸ਼ਿੱਪ ਬਾਰੇ ਸੀ ਜਿਸਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਚਾਰ ਸਾਲਾਂ ਦੀ ਕਾਰਗੁਜ਼ਾਰੀ ਦਾ ਗੋਗਾ ਗਾਇਆ ਪਰ ਉਹਨਾਂ ਇਹ ਨਹੀਂ ਦੱਸਿਆ ਕਿ ਉਹਨਾਂ ਆਖਰ ਹਾਸਲ ਕੀ ਕੀਤਾ ਹੈ। ਦੂਜੇ ਪਾਸੇ ਕੰਜ਼ਰਵੇਟਿਵ ਲੀਡਰ ਐਂਡਰੀਉ ਸ਼ੀਅਰ ਨੇ ਕੈਨੇਡਾ ਦੀ ਵਿਸ਼ਵ ਸਟੇਜ ਉੱਤੇ ਲੀਡਰਸ਼ਿੱਪ ਬਾਰੇ ਗੱਲ ਕਰਨ ਦੀ ਥਾਂ ਸਿੱਧਾ ਨਿਸ਼ਾਨਾ ਟਰੂਡੋ ਨੂੰ ਬਣਾਇਆ। ਸ਼ੀਅਰ ਦਾ ਪਹਿਲੇ ਸੁਆਲ ਦੌਰਾਨ ਜਵਾਬ ਕਾਫੀ ਨਾਂਹ ਪੱਖੀ ਰਿਹਾ ਜਿਸ ਵਿੱਚ ਉਸਨੇ ਟਰੂਡੋ ਦੇ ਨਕਲੀ ਹੋਣ ਅਤੇ ਨਕਾਬ ਪਹਿਨਣ ਵਾਲਾ ਲੀਡਰ ਹੋਣ ਦਾ ਰੋਣਾ ਹੀ ਰੋਇਆ। ...ਬਾਕੀ ਪੰਨਾ 6 'ਤੇ



## ਲਿਬਰਲਾਂ ਤੇ ਕੰਜ਼ਰਵੇਟਿਵਾਂ ਦਰਮਿਆਨ ਚੱਲ ਰਿਹਾ ਹੈ ਫਸਵਾਂ ਮੁਕਾਬਲਾ : ਨੈਨੋਜ਼



ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਸਿਆਸੀ ਮਾਹਿਰ ਅਕਸਰ ਇਹ ਮੰਨਦੇ ਰਹੇ ਹਨ ਕਿ ਕੰਜ਼ਰਵੇਟਿਵਾਂ ਨੂੰ ਅਕਸਰ ਵੱਡੀ ਉਮਰ ਦੇ ਲੋਕਾਂ ਦੀ ਵੋਟ ਹਾਸਲ ਹੁੰਦੀ ਹੈ ਤੇ ਕੁੱਝ ਕੁ ਵੋਟਾਂ ਨੌਜਵਾਨਾਂ ਵੱਲੋਂ ਮਿਲਦੀਆਂ ਹਨ।

ਪਰ ਇਨ੍ਹਾਂ ਚੋਣਾਂ ਵਿੱਚ ਇਹ ਫਾਰਮੂਲਾ ਲਾਗੂ ਨਹੀਂ ਹੁੰਦਾ। ਨੈਨੋਜ਼ ਰਿਸਰਚ ਦੇ ਤਾਜ਼ਾ ਅੰਕੜਿਆਂ ਅਨੁਸਾਰ ਲੱਗਭਗ ਹਰ ਉਮਰ ਵਰਗ ਦੇ ਵੋਟਰਾਂ ਵਿੱਚ ਲਿਬਰਲਾਂ ਤੇ ਕੰਜ਼ਰਵੇਟਿਵਾਂ ਦਰਮਿਆਨ ਫਸਵਾਂ ਮੁਕਾਬਲਾ ਚੱਲ ਰਿਹਾ ਹੈ। ਪੋਲਸਟਰ ਨਿੱਕ ਨੈਨੋਜ਼ ਨੇ ਸੋਮਵਾਰ ਨੂੰ ਦੱਸਿਆ ਕਿ ਹਰੇਕ ਉਮਰ ਵਰਗ ਵਿੱਚ ਕਿਸੇ ਵੀ ਪਾਰਟੀ ਨੂੰ ਲੈ ਕੇ ਸਪਸ਼ਟ ਐਡਵਾਂਟੇਜ ਨਜ਼ਰ ਨਹੀਂ ਆਈ। ਅੰਕੜਿਆਂ ਨੂੰ ਵੇਖਦਿਆਂ ਹੋਇਆਂ ਅਜੇ ਤੱਕ ਇਹ ਤਸਵੀਰ ਸਪਸ਼ਟ ਨਹੀਂ ਹੋਈ ਕਿ ਨੌਜਵਾਨ, ਦਰਮਿਆਨੀ ਉਮਰ ਦੇ ਲੋਕ ਜਾਂ ਬਜ਼ੁਰਗ ਅਕਸਰ ਕਿਹੜੀ ਪਾਰਟੀ ਨੂੰ ਜਿੱਤਦਾ ਹੋਇਆ ਵੇਖਣਾ ਚਾਹੁੰਦੇ ਹਨ।

ਨੈਨੋਜ਼ ਰਿਸਰਚ ਵੱਲੋਂ ਦੋਵਾਂ ਪਾਰਟੀਆਂ ਦਰਮਿਆਨ ਜਿਹੜਾ ਸੱਭ ਤੋਂ ਵੱਡਾ ਫਰਕ ਵੇਖਣ ਨੂੰ ਮਿਲਿਆ ਹੈ ਉਹ ਹੈ 18 ਤੋਂ 29 ਸਾਲ ਦੇ ਉਮਰ ਵਰਗ ਦੇ ਲੋਕਾਂ ਦਰਮਿਆਨ, ਜਿੱਥੇ ਲਿਬਰਲਾਂ ਨੂੰ 32 ਫੀ ਸਦੀ ਵੋਟਰਾਂ ਵੱਲੋਂ ਸਮਰਥਨ ਹਾਸਲ ਹੋ ਰਿਹਾ ਹੈ ਉੱਥੇ ਕੰਜ਼ਰਵੇਟਿਵਾਂ ਨੂੰ 26 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਜਿਹੜੇ ਵੋਟਰਾਂ ਆਪਣੇ 30ਵਿਆਂ ਵਿੱਚ ਹਨ ਉਨ੍ਹਾਂ ਕੋਲੋਂ ਦੋਵਾਂ ਪਾਰਟੀਆਂ ਨੂੰ 29 ਫੀ ਸਦੀ ਸਮਰਥਨ ਮਿਲ ਰਿਹਾ ਹੈ ਭਾਵ ਇਸ ਉਮਰ ਵਰਗ ਦੇ ਲੋਕਾਂ ਵਿੱਚ ਦੋਵਾਂ ਪਾਰਟੀਆਂ ਨੂੰ ਲੈ ਕੇ ਟਾਈ ਹੈ। ਜਿਹੜੇ ਵੋਟਰ 40 ਸਾਲ ਦੇ ਹਨ ਉਨ੍ਹਾਂ ਵੱਲੋਂ ਲਿਬਰਲਾਂ ਨੂੰ ਜੇ 36 ਫੀ ਸਦੀ ਸਮਰਥਨ ਦਿੱਤਾ ਜਾ ਰਿਹਾ ਹੈ ਤਾਂ ਕੰਜ਼ਰਵੇਟਿਵਾਂ ਨੂੰ 34 ਫੀ ਸਦੀ ਸਮਰਥਨ ਅਜਿਹੇ ਉਮਰ ਵਰਗ ਦੇ ਲੋਕਾਂ ਕੋਲੋਂ ਹਾਸਲ ਹੋ ਰਿਹਾ ਹੈ। ...ਬਾਕੀ ਪੰਨਾ 6 'ਤੇ

## ਹੈਮਿਲਟਨ ਹਾਈ ਸਕੂਲ ਦੇ ਬਾਹਰ ਹੋਏ ਹਮਲੇ 'ਚ ਟੀਨੇਜਰ ਦੀ ਹੋਈ ਮੌਤ

ਹੈਮਿਲਟਨ, 7 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਹੈਮਿਲਟਨ ਦੇ ਹਾਈ ਸਕੂਲ ਦੇ ਬਾਹਰ ਹੋਏ ਹਮਲੇ ਵਿੱਚ ਇੱਕ 14 ਸਾਲਾ ਲੜਕੇ ਦੀ ਮੌਤ ਹੋ ਗਈ।

ਇਹ ਘਟਨਾ ਪਾਰਕਡੇਲ ਐਵਨਿਊ ਸਾਊਥ ਤੇ ਮੇਨ ਸਟਰੀਟ ਈਸਟ ਨੇੜੇ ਸਰ ਵਿੰਸਟਨ ਚਰਚਿਲ ਸੈਕੰਡਰੀ ਸਕੂਲ ਦੇ ਬਾਹਰ ਵਾਪਰੀ। ਪੁਲਿਸ ਨੇ ਦੱਸਿਆ ਕਿ ਜਿਸ ਸਮੇਂ ਹਮਲਾ ਹੋਇਆ ਤਾਂ ਲੜਕੇ ਦੀ ਮਾਂ ਵੀ ਮੌਕੇ ਉੱਤੇ ਮੌਜੂਦ ਸੀ। ਉਸ ਦੀ ਮਾਂ ਨੂੰ ਡੂੰਘਾ ਸਦਮਾ ਲੱਗਿਆ ਹੈ। ਪੈਰਾਮੈਡਿਕਸ ਅਨੁਸਾਰ



ਲੜਕੇ ਨੂੰ ਜਾਨਲੇਵਾ ਸੱਟਾਂ ਲੱਗੀਆਂ ਸਨ ਤੇ ਉਸ ਨੂੰ ਇਲਾਜ ਲਈ ਸਥਾਨਕ ਹਸਪਤਾਲ ਲਿਜਾਇਆ ਗਿਆ। ਪੁਲਿਸ ਅਨੁਸਾਰ ਦੁਪਹਿਰ 3:40 ਵਜੇ ਦੇ ਨੇੜੇ ਤੇੜੇ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਲੜਕੇ ਨੇ ਦਮ ਤੋੜ ਦਿੱਤਾ।

ਪੁਲਿਸ ਵੱਲੋਂ ਇਹ ਪੁਸ਼ਟੀ ਕੀਤੀ ਗਈ ਹੈ ਕਿ ਮ੍ਰਿਤਕ ਸਰ ਵਿੰਸਟਨ ਚਰਚਿਲ ਸੈਕੰਡਰੀ ਸਕੂਲ ਦਾ ਵਿਦਿਆਰਥੀ ਸੀ। ਇਸ ਸਬੰਧ ਵਿੱਚ ਤਿੰਨ ਟੀਨੇਜ ਮਸ਼ਕੂਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਪੁਲਿਸ ਦੋ ਹੋਰ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ। ਪੁਲਿਸ ਵੱਲੋਂ ਜਾਰੀ ਕੀਤੀ ਗਈ ਪਹਿਲੀ ਮਸ਼ਕੂਕ ਦੀ ਪਛਾਣ ਅਨੁਸਾਰ ਉਹ ਸਿਆਹ ਨਸਲ ਦੀ, ਲੰਮੇਂ ਕਾਲੇ ਵਾਲਾਂ ਵਾਲੀ ਕੁੜੀ ਹੈ, ਜਿਸ ਨੇ ਕਾਲੇ ਰੰਗ ਦਾ ਕੋਟ, ਕਾਲੀ ਟੀ-ਸ਼ਰਟ-ਜਿਸ ਉੱਤੇ ਚਿੱਟੇ ਰੰਗ ਨਾਲ ਕੁੱਝ ਲਿਖਿਆ ਸੀ, ਕਾਲੇ ਰੰਗ ਦੇ ਚਿੱਟੇ ਤਸਮਿਆਂ ਵਾਲੇ ਜੁੱਤੇ ਪਾਏ ਹੋਏ ਸਨ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇਨ੍ਹੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272 www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto Business Trucking Life Insurance Commercial
647-206-2452 Sukhwinder K Singh
CONNEX 7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


Ride Ontario's Heritage Railway
SPECIAL RIDES
FALL COLOURS TOURS
Oct 5,6, Oct 12,13,14 & Oct 19, 20
ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜ਼ਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ
SOUTH SIMCOE RAILWAY
ONTARIO'S FIRST STEAM HERITAGE RAILWAY
Ask about on-board Birthday Parties!
ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca
GPS 44 . 01 . 19 N
79 . 48 . 27 W
or call:905.936.5815


Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਕੇਜਰੀਵਾਲ ਤੇ ਮੋਦੀ ਦੀ ਛਿੜੀ ਰਹਿੰਦੀ,
ਵੱਖ-ਵੱਖ ਮੱਦਾਂ ਤੋਂ ਸਦਾ ਹੈ ਜੰਗ ਬੇਲੀ।
ਹਟਦੀ ਭਾਜਪਾ ਕਦੀ ਨਹੀਂ ਚੋਭ ਲਾਉਣੋਂ,
ਹਟਦਾ ਉਹ ਵੀ ਨਾ ਕਰਨ ਤੋਂ ਤੰਗ ਬੇਲੀ।
ਮੁੱਦਾ ਮੁੜ ਕੇ ਪ੍ਰਦੂਸ਼ਣ ਦਾ ਉੱਠਿਆ ਤਾਂ,
ਪਾਸਿਆਂ ਦੋਵਾਂ ਨੇ ਲਾਹੀ ਆ ਸੰਗ ਬੇਲੀ।
ਅਦਾਲਤ ਵੱਲ ਨੂੰ ਜਾਣ ਇਹ ਧਿਰਾਂ ਦੋਵੇਂ,
ਨਵਿਓਂ ਨਵਾਂ ਈ ਦਿੱਸ ਰਿਹਾ ਰੰਗ ਬੇਲੀ।
ਚੰਗੀ ਗੱਲ ਹੈ ਆਪਸ ਵਿੱਚ ਲੜਨ ਦੋਵੇਂ,
ਨਹੀਂ ਤਾਂ ਤੋੜਾ ਪੰਜਾਬ ਸਿਰ ਟੁੱਟਣਾ ਸੀ।
ਸਾੜੀ ਗਈ ਪਰਾਲੀ ਦਾ ਜ਼ਿਕਰ ਕਰ ਕੇ,
ਦੋਵਾਂ ਈ ਦੋਸ਼ ਪੰਜਾਬ ਸਿਰ ਸੁੱਟਣਾ ਸੀ।

**ਤੀਸ ਮਾਰ ਖਾਂ**

# ਪੀ ਐੱਮ ਸੀ ਬੈਂਕ ਘੁਟਾਲਾ: ਗੁਰਦੁਆਰਿਆਂ ਦੇ ਵੀ 100 ਕਰੋੜ ਰੁਪਏ ਤੋਂ ਵੱਧ ਘੋਟਾਲੇ ਕਾਰਨ ਫਸ ਗਏ

ਨਵੀਂ ਦਿੱਲੀ, 7 ਅਕਤੂਬਰ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਦੱਸਿਆ ਹੈ ਕਿ ਅੱਜ ਉਸ ਨੇ ਮੁੰਬਈਅਤੇ ਕੁਝ ਹੋਰ ਥਾਈਂ ਹਾਊਸਿੰਗ ਡਿਵੈਲਪਮੈਂਟ ਐਂਡ ਇਨਫ੍ਰਾਸਟ੍ਰਕਚਰ (ਐੱਚ ਡੀਆਈ ਐੱਲ) ਦੇ ਚੇਅਰਮੈਨ ਰਾਕੇਸ਼ ਵਧਾਵਨ ਅਤੇ ਉਨ੍ਹਾਂ ਦੇ ਪੁੱਤਰ ਸਾਰੰਗ ਵਧਾਵਨ ਦੇ ਟਿਕਾਣਿਆਂ ਉੱਤੇ ਛਾਪੇਮਾਰੇ ਹਨ।
ਪੰਜਾਬ ਐਂਡ ਮਹਾਰਾਸ਼ਟਰ ਕੋਆਪ੍ਰੇਟਿਵ (ਪੀ ਐੱਮ ਸੀ) ਬੈਂਕ ਵਿਚਲੀ ਜਾਲਸਾਜ਼ੀ ਦੇ ਕੇਸ ਵਿਚਨਵੀਂ ਜਾਣਕਾਰੀ ਸਾਹਮਣੇ ਆਉਣ ਦੇ ਬਾਅਦ ਕੇਂਦਰੀ ਜਾਂਚ ਏਜੰਸੀ ਈ ਡੀ ਨੇ ਇਹ ਕਦਮ ਚੁੱਕਿਆ ਹੈ ਅਤੇਇਸ ਦੌਰਾਨ ਈ ਡੀ ਨੇ ਇਕ ਹੋਰ ਜੈੱਟ ਅਤੇ ਯਾਟ (ਵੱਡੀ ਕਿਸ਼ਤੀ) ਬਾਰੇ ਐੱਚਡੀਆਈ ਐੱਲ ਦੇ ਪ੍ਰਮੋਟਰਾਂ ਦਾ ਨਾਂ ਉੱਤੇ ਰਜਿਸਟਰ ਦੇਖਿਆ ਹੈ।ਈ ਡੀ ਦੇ ਇਕ ਸੀਨੀਅਰ ਅਫਸਰ ਨੇ ਕਿਹਾ ਕਿ ਸੋਮਵਾਰ ਦੇ ਛਾਪੇ ਵਿੱਚ ਸਾਨੂੰ ਅਲੀਬਾਗ਼ਵਿੱਚ 22 ਕਮਰਿਆਂ ਦਾ ਇਕ ਵੱਡਾ ਬੰਗਲਾ ਮਿਲਿਆ ਹੈ, ਜਿਹੜਾ

*** ਈ ਡੀ ਵੱਲੋਂ ਨਵੇਂ ਸਿਰੇ ਤੋਂ ਛਾਪੇਮਾਰੀ ਦਾ ਦੌਰ ਸ਼ੁਰੂ**

ਛੇਤੀ ਹੀ ਜ਼ਬਤ ਕਰ ਲਿਆ ਜਾਵੇਗਾ। ਅਧਿਕਾਰੀ ਨੇ ਕਿਹਾ ਕਿ ਇਕ ਹੋਰ ਨਿੱਜੀ ਜੈੱਟ ਐੱਚ ਡੀਆਈ ਐੱਲ ਦੇ ਪ੍ਰਮੋਟਰਾਂ ਦੇ ਨਾਂ ਨਾਲ ਰਜਿਸਟਰਡ ਕੀਤਾ ਹੋਇਆ ਮਿਲਿਆ ਹੈ। ਤਲਾਸ਼ੀ ਵਿੱਚ ਦੇਖਿਆ ਗਿਆ ਕਿ ਮਾਹਰਾਸ਼ਟਰ ਦੇ ਅਮੀਰ ਇਲਾਕਿਆਂ ਵਿੱਚਵੱਡੇ ਸਿਆਸੀ ਨੇਤਾਵਾਂ ਨੂੰ ਕਈ ਘਰ ਤੋਹਫ਼ੇ ਵਿੱਚ ਦਿੱਤੇ ਗਏ ਸਨ। ਉਂਜ ਇਹੋ ਜਿਹੇ ਸਿਆਸੀ ਲੀਡਰਾਂ ਦੇ ਨਾਂਅ ਕੇਂਦਰੀ ਏਜੰਸੀ ਨੇ ਹਾਲੇ ਤੱਕਨਹੀਂ ਦੱਸੇ।ਪੰਜਾਬ ਤੇ ਮਹਾਰਾਸ਼ਟਰ ਬੈਂਕ ਦਾ ਇਹ ਮਾਮਲਾ ਇਸ ਵਕਤ ਸਾਰੇ ਭਾਰਤ ਵਿੱਚਪੂਰੀ ਤਰ੍ਹਾਂ ਭਖਿਆ ਹੋਇਆ ਹੈ।
ਦੂਸਰੇ ਪਾਸੇ ਇਹ ਸਨਸਨੀ ਖੇਜ਼ ਖਬਰ ਆਈ ਹੈ ਕਿ ਪੰਜਾਬ ਅਤੇ ਮਹਾਰਾਸ਼ਟਰ ਬੈਂਕ ਵਿੱਚ ਸਿੱਖ ਗੁਰਦੁਆਰਿਆਂ ਅਤੇ ਹੋਰ ਅਦਾਰਿਆਂ ਦੇ 100 ਕਰੋੜ ਰੁਪਏ ਤੋਂ ਵੱਧ ਫਸੇ ਹੋਏ ਹਨ। ਮੰਨਿਆ ਜਾਂਦਾ ਹੈ ਕਿ ਇਸ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਮਨਾਉਣ ਵਿੱਚ ਪੈਸੇ ਦੀ ਘਾਟ ਸਾਹਮਣੇ ਆਉਣ ਲੱਗੀ ਹੈ। ਇਸ ਸਬੰਧ ਵਿੱਚ ਦਿੱਲੀ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਹੋਰ ਪੀੜਤ ਧਿਰਾਂ ਦੀ ਇੱਕ ਬੈਠਕ ਵੀ ਹੋਈ ਹੈ। ਪਤਾ ਲੱਗਾ ਹੈ ਕਿ ਇਸਬੈਂਕ ਵਿੱਚ 1984 ਕਤਲੇਆਮ ਦੇ ਪੀੜਤਾਂ ਦਾ ਪੈਸਾ ਵੀ ਫਸ ਗਿਆ ਹੈ। ਇਨ੍ਹਾਂ ਪੀੜਤਾਂ ਨੇ ਕਿਹਾ ਹੈ ਕਿ ਰਿਜ਼ਰਵ ਬੈਂਕ ਆਫ ਇੰਡੀਆਂ ਉਨ੍ਹਾਂ ਨੂੰ ਯਕੀਨ ਦੇਵੇ ਤਾਂ ਉਨ੍ਹਾਂ ਦਾ ਪੈਸਾ ਉਨ੍ਹਾਂ ਨੂੰ ਮਿਲ ਜਾਵੇਗਾ। ਪੀੜਤ ਧਿਰਾਂ ਨੇ ਇਸ ਬਾਰੇ ਤਿੰਨ ਮੁੱਖ ਮੰਗਾਂ ਚੁੱਕੀਆਂ ਹਨ; ਪਹਿਲੀ ਇਹ ਕਿ ਦੋਸ਼ੀਆਂ ਦੀ ਜਾਇਦਾਦ ਜ਼ਬਤ ਕਰ ਲਈ ਜਾਏ, ਦੂਸਰੀ ਇਹ ਕਿ ਰਿਜ਼ਰਵ ਬੈਂਕਇਸ ਬੈਂਕ ਨੂੰ ਆਪਣੇ ਅਧੀਨ ਲਵੇ ਤੇ ਤੀਜੀ ਇਹ ਕਿ ਪੀੜਤਾਂ ਨੂੰ ਉਨ੍ਹਾਂ ਦਾ ਪੈਸਾ ਦਿਵਾਇਆ ਜਾਏ।
ਵਰਨਣ ਯੋਗ ਹੈ ਕਿ ਪੀ ਐੱਮ ਸੀ ਬੈਂਕ ਦੀ ਧੋਖਾਧੜੀ ਦੇ ਸ਼ਿਕਾਰ ਬਣਨ ਵਾਲੇ ਵੱਡੇ ਅਦਾਰਿਆਂ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਂ ਵੀ




ਲਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਮਹਾਰਾਸ਼ਟਰ ਦੀਆਂ ਕਈ ਸਿੰਘ ਸਭਾਵਾਂ ਨੂੰ ਵੀ ਇਸ ਬੈਂਕ ਵਿੱਚ ਫਸੇ ਆਪਣੇ ਪੈਸੇ ਦੀ ਉਡੀਕ ਹੈ। ਅੱਜ ਏਥੇ ਹੋਈ ਬੈਠਕ ਦੇ ਬਾਅਦਕਿਹਾ ਗਿਆ ਕਿ ਜਲਦ ਹੀ ਭਾਰਤੀ ਰਿਜ਼ਰਵ ਬੈਂਕ, ਗਵਰਨਰਅਤੇ ਖਜ਼ਾਨਾ ਸੈਕਟਰੀ ਨਾਲ ਇਸ ਬਾਰੇ ਮੁਲਾਕਾਤ ਕੀਤੀ ਜਾਏਗੀ।
ਪਿਛਲੇ ਸ਼ਨਿਚਰਵਾਰ ਐੱਚਡੀਆਈ ਐੱਲ ਦੇ ਚੇਅਰਮੈਨ ਰਾਕੇਸ਼ ਵਧਾਵਨ ਤੇ ਉਨ੍ਹਾਂ ਦੇ ਪੁੱਤਰ ਸਾਰੰਗ ਵਧਾਵਨ ਦਾ ਇਕ ਨਿੱਜੀ ਜੈੱਟ ਅਤੇ 60 ਕਰੋੜ ਰੁਪਏ ਦੇ ਗਹਿਣੇ ਜਾਂਚ ਏਜੰਸੀ ਈ ਡੀ ਨੇ ਜ਼ਬਤ ਕੀਤੇ ਅਤੇ ਏਜੰਸੀ ਨੇ ਕਿਹਾ ਸੀ ਕਿ ਵਧਾਵਨ ਦਾ ਯਾਟ ਜ਼ਬਤ ਕਰਨ ਲਈ ਉਹ ਮਾਲਦੀਵ ਦੇ ਅਧਿਕਾਰੀਆਂ ਨਾਲ ਸੰਪਰਕਕਰ ਰਹੀ ਹੈ। ਇਹ ਯਾਟ ਇਸ ਵੇਲੇ ਓਥੇਰੁਕਿਆ ਹੋਇਆ ਹੈ।ਈ ਡੀ ਨੇ ਇਸ ਮੌਕੇਪੀ ਐੱਮ ਸੀ ਬੈਂਕ ਦੇ ਸਾਬਕਾ ਚੇਅਰਮੈਨ ਵਰਿਆਮ ਸਿੰਘ ਦੇ ਬੈਂਕ ਖਾਤੇ ਅਤੇ 10 ਕਰੋੜ ਰੁਪਏ ਦੇ ਨੇੜੇ ਫਿਕਸਡ ਡਿਪਾਜ਼ਿਟ ਫ੍ਰੀਜ਼ ਕਰ ਦਿੱਤੀ ਹੈ। ਪਹਿਲਾਂ ਸ਼ੁੱਕਰਵਾਰ ਨੂੰ ਛੇ ਥਾਵਾਂ ਉੱਤੇ ਕੀਤੀ ਗਈ ਛਾਪੇਮਾਰੀ ਵਿੱਚ ਕੇਂਦਰੀ ਏਜੰਸੀ ਨੇ 12 ਮਹਿੰਗੀਆਂ ਕਾਰਾਂ ਵੀ ਜ਼ਬਤ ਕੀਤੀਆਂ ਸਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਹਿੱਟ ਐਂਡ ਰੰਨ ਵਿੱਚ ਇੱਕ ਟੀਨੇਜਰ ਹਲਾਕ

ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਹ ਉਸ ਡਰਾਈਵਰ ਦੀ ਭਾਲ ਕਰ ਰਹੇ ਹਨ ਜਿਸ ਨੇ ਅੱਜ ਸਵੇਰੇ ਈਸਟ ਯੌਰਕ ਵਿੱਚ ਜਾਣਬੁੱਝ ਕੇ ਇੱਕ ਟੀਨੇਜਰ ਨੂੰ ਟੱਕਰ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਤੇ ਮੌਕੇ ਤੋਂ ਫਰਾਰ ਹੋ ਗਿਆ।
ਇਹ ਘਟਨਾ ਸਵੇਰੇ 3:00 ਵਜੇ ਵੁੱਡਬਾਈਨ ਐਵਨਿਊ ਤੇ ਓਕੋਨੋਰ ਡਰਾਈਵ ਉੱਤੇ ਵਾਪਰੀ। ਪੁਲਿਸ ਨੇ




ਦੱਸਿਆ ਕਿ ਮ੍ਰਿਤਕ 16 ਸਾਲਾਂ ਦਾ ਸੀ ਤੇ ਜਿਸ ਸਮੇਂ ਇਹ ਹਾਦਸਾ ਵਾਪਰਿਆ ਤਾਂ ਉਹ ਇੱਕ ਪਾਰਕ ਦੇ ਨੇੜੇ ਸਾਈਡਵਾਕ ਉੱਤੇ ਜਾ ਰਿਹਾ ਸੀ। ਗੱਡੀ ਵਿੱਚ ਸਵਾਰ ਡਰਾਈਵਰ ਵੱਲੋਂ ਰਸਤੇ ਤੋਂ ਸਾਈਡਵਾਕ ਉੱਤੇ ਗੱਡੀ ਚੜ੍ਹਾ ਕੇ ਉਸ ਟੀਨੇਜਰ ਨੂੰ ਟੱਕਰ ਮਾਰੀ ਗਈ।
ਟੱਕਰ ਤੋਂ ਬਾਅਦ ਟੀਨੇਜਰ ਨਿਢਾਲ ਹੋ ਕੇ ਸੜਕ ਉੱਤੇ ਡਿੱਗ ਗਿਆ ਤੇ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਹੋਮੀਸਾਈਡ ਯੂਨਿਟ ਨੂੰ ਘਟਨਾ ਬਾਰੇ ਜਾਣਕਾਰੀ ਦੇ ਦਿੱਤੀ ਗਈ ਹੈ ਤੇ ਅਧਿਕਾਰੀ ਇਹ ਪਤਾ ਲਾਉਣ ਦੀ ਕੋਸਿਸ ਕਰ ਰਹੇ ਹਨ ਕਿ ਡਰਾਈਵਰ ਨੇ ਜਾਣਬੁੱਝ ਕੇ ਉਸ ਟੀਨੇਜਰ ਨੂੰ ਟੱਕਰ ਮਾਰਨ ਦੀ ਕੋਸਿਸ ਤਾਂ ਨਹੀਂ ਸੀ ਕੀਤੀ। ਮਸਕੂਕ ਦੀ ਗੱਡੀ ਕਾਲੇ ਰੰਗ ਦਾ ਪਿਕਅੱਪ ਟਰੱਕ ਦੱਸੀ ਜਾ ਰਹੀ ਹੈ ਜਿਸ ਦੇ ਸਾਹਮਣੇ ਵਾਲਾ ਹਿਸਾ ਨੁਕਸਾਨਿਆ ਗਿਆ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਮੈਡੀਕਲ ਖੇਤਰ ਵਿੱਚ ਸੈੱਲਾਂ ਦੀ ਖੋਜ ਲਈ ਤਿੰਨ ਵਿਗਿਆਨੀਆਂ ਨੂੰ ਨੋਬੇਲ ਐਵਾਰਡ ਦਾ ਐਲਾਨ



ਸਟਾਕਹੋਮ, 7 ਅਕਤੂਬਰ, (ਪੋਸਟ ਬਿਊਰੋ)- ਸਵੀਡਨ ਦੀ ਰਾਜਧਾਨੀ ਸਟਾਕਹੋਮ ਵਿੱਚਅੱਜ ਤੋਂ ਸਾਲ 2019 ਦੇ ਲਈ ਨੋਬਲ ਐਵਾਰਡਾਂ ਦਾ ਐਲਾਨ ਸ਼ੁਰੂ ਹੋ ਗਿਆ ਹੈ। ਇਸ ਵਾਰ ਮੈਡੀਸਿਨ ਦਾ ਨੋਬਲ ਐਵਾਰਡ ਅਮਰੀਕਾ ਦੇ ਵਿਲੀਅਮ ਜੀ. ਕੇਲਿਨ ਜੂਨੀਅਰ ਅਤੇ ਗ੍ਰੇਗ ਐਲ. ਸੇਮੇਂਜਾ, ਬ੍ਰਿਟੇਨ ਦੇ ਸਰ ਪੀਟਰ ਜੇ. ਰੈਡਕਲਿਫ਼ ਨੂੰ ਦਿੱਤਾ ਜਾਵੇਗਾ।
ਅੱਜ ਏਥੇ ਇਨ੍ਹਾਂ ਐਵਾਰਡਾਂ ਦਾ ਐਲਾਨ ਕਰਨ ਦੇ ਵਕਤ ਚੋਣਕ-ਾਰਾਂ ਨੇ ਦੱਸਿਆ ਕਿ ਇਨ੍ਹਾਂ ਵਿਗਿਆਨੀਆਂ ਨੇ ਇਹ ਸਾਬਤ ਕੀਤਾ ਹੈ ਕਿ ਆਕਸੀਜਨ ਦਾ ਪੱਧਰ ਕਿਵੇਂ ਸਾਡੇ ਸੈਲੂਲਰ ਮੈਟਾਬੋਲਿਜ਼ਮ ਤੇ ਸਰੀਰਕ ਗਤੀਵਿਧੀਆਂ ਨੂੰ ਪ੍ਰਭਾਵਤ ਕਰਦਾ ਹੈ। ਚੋਣਕਾਰਾਂ ਨੇ ਕਿਹਾ ਕਿ ਇਨ੍ਹਾਂ ਵਿਗਿਆਨੀਆਂ ਦੀ ਖੋਜ ਨੇ ਅਨੀਮੀਆ, ਕੈਂਸਰ ਤੇ ਹੋਰ ਬਿਮਾਰੀਆਂ ਦੇ ਵਿਰੁੱਧ ਲੜਾਈ ਵਿੱਚਨਵੀਂ ਰਣਨੀਤੀ ਬਣਾਉਣ ਦਾ ਰਸਤਾ ਸਾਫ਼ ਕੀਤਾ ਹੈ।
ਸਵੀਡਿਸ਼ ਅਕਾਦਮੀ ਇਸ ਵਾਰੀ ਸਾਲ 2018 ਅਤੇ 2019 ਦੇ ਦੋ ਸਾਲਾਂ ਲਈ ਸਾਹਿਤ ਦੇ ਨੋਬਲ ਐਵਾਰਡਾਂ ਦਾ ਐਲਾਨ ਵੀ ਕਰੇਗੀ। ਪਿਛਲੇ ਸਾਲ ਜ਼ਾਹਰ ਹੋਏ ਸੈਕਸ ਸ਼ੋਸ਼ਣ ਦੇ ਸਕੈਂਡਲ ਦੇ ਬਾਅਦ 2018 ਦੇ ਸਾਹਿਤ ਖੇਤਰ ਦੇ ਲਈ ਨੋਬਲ ਐਵਾਰਡ ਦਾ ਐਲਾਨ ਅਕਾਦਮੀ ਨੇ ਨਹੀਂ ਕੀਤਾ ਸੀ। ਵਰਨਣ ਯੋਗ ਹੈ ਕਿ 1901 ਤੋਂ 2018 ਦੇ ਦੌਰਾਨ ਮੈਡੀਕਲ ਦੇ ਖੇਤਰ ਵਿੱਚ 109 ਨੋਬਲ ਐਵਾਰਡ ਦਾ ਐਲਾਨ ਕੀਤਾ ਗਿਆ ਤੇ 216 ਲੋਕਾਂ ਨੂੰ ਇਹ ਦਿੱਤੇ ਗਏ ਹਨ। ਮੈਡੀਸਿਨ ਦੇ ਖੇਤਰ ਵਿੱਚ 12 ਔਰਤਾਂ ਨੂੰ ਵੀ ਨੋਬਲ ਦਿੱਤਾ ਗਿਆ ਹੈ। ਸਾਲ 2009 ਵਿੱਚ ਦੋ ਔਰਤਾਂ ਨੂੰ ਇਕੱਠਾ ਨੋਬਲ ਐਵਾਰਡ ਵੀ ਦਿੱਤਾ ਗਿਆ ਸੀ। ਨੋਬਲ ਐਵਾਰਡ ਦੇ ਹਰ ਜੇਤੂ ਨੂੰ ਲਗਭਗ 4.5 ਕਰੋੜ ਰੁਪਏ ਦਿੱਤੇ ਜਾਂਦੇ ਹਨ ਤੇ ਇਸ ਦੇ ਨਾਲ 23 ਕੈਰਟ ਸੋਨੇ ਤੋਂ ਬਣਿਆ 200 ਗ੍ਰਾਮ ਦਾ ਤਮਗਾ ਅਤੇ ਸ਼ਲਾਘਾ ਪੱਤਰ ਦਿੱਤਾ ਜਾਂਦਾ ਹੈ।

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
○1:1 Training
Air Brake Classes Sat-Sun 8am to 4pm
Forklift Training
Counterbalance
Reach Truck
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ੍ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਰਾਮੋਨਾ ਸਿੰਘ ਨੇ ਬਰੈਂਪਟਨ ਈਸਟ ਤੋਂ ਉਮੀਦਵਾਰ ਵਜੋਂ ਮੀਟ ਐਂਡ ਗ੍ਰੀਟ ਪ੍ਰੋਗਰਾਮ ਦਾ ਆਯੋਜਿਨ ਕੀਤਾ



ਬਰੈਂਪਟਨ (ਸੁਰਜੀਤ ਸਿੰਘ ਫਲੋਰਾ) ਬੀਤੇ ਸ਼ੁਕਰਵਾਰ 4 ਅਕਤੂਬਰ ਨੂੰ ਰਾਮੋਨਾ ਸਿੰਘ ਕੰਜ਼ਰਵੇਟਿਵ ਬਰੈਂਪਟਨ ਈਸਟ ਤੋਂ ਉਮੀਦਵਾਰ ਵਲੋਂ ਮੀਟ ਐਂਡ ਗ੍ਰੀਟ ਪ੍ਰੋਗਰਾਮ ਉਲੀਕਿਆ ਗਿਆਂ ਸੀ । ਜਿਸ ਵਿਚ ਪੀਟਰ ਮੈਅਕੇ ਨੇ ਪਹੁੰਚਕੇ ਸਭ ਨੂੰ ਰਾਮੋਨਾ ਸਿੰਘ ਦੀ ਸਹਾਇਤਾ ਕਰਨ ਲਈ ਪ੍ਰੇਰਤ ਕੀਤਾ। ਉਨ੍ਹਾਂ ਨੇ ਰਾਮੋਨਾ ਦੇ ਆਏ ਸ਼ੁਚਿੰਤਕਾਂ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਸੰਬੋਧੰਨ ਕਰਦੇ ਹੋਏ ਕਿਹਾ ਕਿ ਗੰਨ ਅਤੇ ਗੈਂਗ ਦਾ ਟਰੂਡੋ ਲਿਬਰਲ ਸਰਕਾਰ ਵਿਚ ਇੰਨਾ ਵੱਧ ਚੁਕਾ ਹੈ , ਇਹ ਸਭ ਉਸ ਵਲੋਂ ਗਲਤ ਲੋਕਾਂ ਨੂੰ ਕੈਨੇਡਾਂ ਵਿਚ ਥਾਂ ਦੇਣ ਕਾਰਨ ਹੋ ਰਿਹਾ ਹੈ। ਉਹਨਾਂ ਅੱਗੇ ਬੋਲਦੇ ਹੋਏ ਇਹ ਵੀ ਕਿਹਾ ਕਿ ਜੇਕਰ ਸਾਨੂੰ ਆਪਣੇ ਬੱਚਿਆਂ ਦਾ ਭਵਿੱਖ ਚੰਗੇਰਾ ਮਹਿਫੂਜ਼ ਕਰਨਾ ਹੈ ਤਾਂ ਲਿਬਰਲ ਸਰਕਾਰ ਤੋਂ ਛੁਟਕਾਰਾਂ ਪਾਂਉਣਾ ਹੋਵੇਗਾ। ਜੋ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਤੁਸੀਂ ਰਾਮੋਨਾ ਸਿੰਘ ਨੂੰ ਵੋਟ ਦੇ ਕੇ ਜਿਤਾਉਂਦੇ ਹੋ।

ਪ੍ਰੋਗਰਾਮ ਵਿਚ ਇਕ ਗੋਰੇ ਪਤੀ ਪਤਨੀ ਵਲੋਂ ਇਕ ਸੱਚ ਸਭ ਆਏ ਮਹਿਨਾਮਾਂ ਨਾਲ ਭਰੇ ਗਲੇ ਨਾਲ ਸਾਂਝਿਆ ਕੀਤਾ ਗਿਆ , ਜੋ ਉਹਨਾਂ ਦੇ ਟੀਨਏਜ਼ ਬੱਚੇ ਬਾਰੇ ਸੀ ਕੁਝ ਸਾਲ ਪਹਿਲਾਂ ਜਿਸ ਨੂੰ ਕੁਝ ਗੈਂਗ ਦੇ ਲੋਕਾਂ ਨੇ ਗਲਤੀ ਨਾਲ ਗੋਲੀ ਮਾਰ ਦਿੱਤੀ ਸੀ। ਜਿਸ ਉਪਰੰਤ ਉਹ ਕੋਮੇ ਵਿਚ ਚਲੇ ਗਿਆ, ਤੇ ਕੁਝ ਮਹੀਨੇ ਬਾਅਦ ਸੁਰਤ ਆਈ ਤੇ ਉਹ ਆਪਣਾ ਸਭ ਕੁਝ ਗਵਾ ਚੁਕਾ ਸੀ। ਉਹ ਅਪਾਹਜ਼ ਹੋ ਚੁਕਾ ਸੀ। ਜਿਸ ਨੂੰ ਹਰ ਸਮੇਂ ਕਿਸੇ ਨਾ ਕਿਸੇ ਸਹਾਰੇ ਦੀ ਲੋੜ ਰਹਿੰਦੀ ਸੀ। ਮਾਂ ਬਾਪ ਦਾ ਉਸ ਦੀ ਦੇਖ ਭਾਲ ਵਿਚ ਸਭ ਕੁਝ ਰੁਲ ਗਿਆ। ਕਹਿਣ ਦਾ ਮਤਲਬ ਇਹ ਹੀ ਸੀ ਕਿ ਗੈਂਗਵਾਰ ਇੰਨੀ ਵਧ ਚੁੱਕੀ ਹੈ ਕਿ ਗੋਲੀ ਮਾਰਨ ਵਾਲੇ ਗੋਲੀ ਤਾਂ ਮਾਰ ਜਾਂਦੇ ਹਨ । ਜੋ ਇੰਨਸਾਨ ਇਸ ਦਾ ਨਿਸ਼ਾਨਾ ਬਣਦਾ ਹੈ ਜਾਂ ਉਸ ਦਾ ਪਰਿਵਾਰ ਜੋ ਦੁੱਖ ਝਲਦਾ ਹੈ ਉਹ ਸਿਰਫ਼ ਤੇ ਸਿਰਫ਼ ਉਹ ਹੀ ਮਹਿਸੂਸ ਕਰ ਸਕਦਾ ਹੈ। ਇਥੇ ਰਾਮੋਨਾ ਸਿੰਘ ਨੇ ਵੀ ਬੋਲਦੇ ਹੋਏ ਕਿਹਾ ਕਿ ਹੁਣ ਸਮਾਂ ਹੈ ਸਭ ਆਪਣੇ ਦੋਸਤਾਂ ਮਿਤਰਾਂ ਨੂੰ ਕਿਹਾ ਕਿ ਕੰਸਰਵੇਟਵ ਦਾ ਸਾਥ ਦਿਉ , ਸਾਨੂੰ ਵੋਟ ਦਿਉ, ਅਸੀਂ ਜੋ ਗੰਦਲਾ ਸਿਸਟਮ ਹੋ ਚੁਕਾ ਹੈ ਉਸ ਨੂੰ ਸਾਫ਼ ਕਰਨ ਦੀ ਪੂਰੀ ਪੂਰੀ ਕੋਸ਼ਿਸ ਕਰਾਂਗੇ। ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਾਬਿਕਾਂ ਬਰੈਂਪਟਨ ਦੀ ਮੇਅਰ ਸੂਜਨ ਫੈਨਲ ਵੱਲੋਂ ਵੀ ਸਭ ਲੋਕਾਂ ਨੂੰ ਉਸ ਦਾ ਸਾਥ ਦੇਣ ਲਈ ਪ੍ਰੇਰਿਆਂ।

# ਨਿਉ ਹੋਪ ਸੀਨੀਅਰ ਸਿਟੀਜ਼ਨਜ ਆਫ ਬਰੈਂਪਟਨ ਵੱਲੋਂ ਨਵ ਨਿਯੁਕਤ ਭਾਰਤੀ ਕੌਂਸਲੇਟ ਜਨਰਲ ਸ੍ਰੀਮਤੀ ਅਪੂਰਵਾ ਸ੍ਰੀਵਾਸਤਵਾ ਦਾ ਸਨਮਾਨ



(ਹਰਭਗਵਾਨ ਮੱਕੜ) ਬੀਤੇ ਮੰਗਲਵਾਰ ਨਿਉ ਹੋਪ ਸੀਨੀਅਰ ਸਿਟੀਜਨਜ ਵੱਲੋਂ ਗ੍ਰੈਂਡਐਮਪਾਇਰ ਬੈਂਕੁਟਅਤੇ ਕਨਵੈਨਸ਼ਨ ਸੈਂਟਰ ਦੇ ਮਾਲਕ ਸ. ਹਰਬੰਸ ਸਿੰਘ ਸਿੱਧੂ ਅਤੇ ਗੁਰਜੀਤ ਸਿੰਘ ਸਿੱਧੂ ਦੇ ਸਹਿਯੋਗ ਨਾਲ਼ 100 ਨੈਕਸਸ ਐਵੀਨਿਉ ਵਿਖੇ ਦੋ ਸੌ ਤੋਂ ਵਧੇਰੇ ਕਨੇਡਾ ਦੀਆਂ ਪ੍ਰਸਿੱਧ ਹਸਤੀਆਂ, ਪਤਵੰਤਿਆਂ ਨੇ ਸ਼ਿਰਕਤ ਕੀਤੀ। ਕਨੇਡਾ ਅਤੇ ਭਾਰਤ ਦੇ ਰਾਸ਼ਟਰੀ ਗੀਤਾਂ ਉਪਰੰਤ ਮੁੱਖ ਮਹਿਮਾਨ ਅਤੇ ਪਤਵੰਤਿਆਂ ਵੱਲੋਂ ਮੁਬਾਰਕ ਜੋਤੀ ਜਗਾਈ ਗਈ। ਸਟੇਜ ਦੇ ਵੱਖ ਵੱਖ ਬੁਲਾਰਿਆਂ ਵੱਲੋਂ ਇਸ ਇਕੱਤਰਤਾ ਦੀ ਮੁੱਖ ਮਹਿਮਾਨ ਸ੍ਰੀਮਤੀ ਅਪੂਰਵ ਸ੍ਰੀਵਾਸਤਵਾ ਨੂੰ ਜੀ ਆਇਆ ਆਖਿਆ ਗਿਆ।

ਭਰਪੂਰ ਇਕੱਤਰਤਾ ਵਿਚ ਨਵ ਨਿਯੁਕਤ ਭਾਰਤੀ ਕੌਂਸਲੇਟ ਜਨਰਲ ਸ੍ਰੀਮਤੀ ਅਪੂਰਵਾ ਸ੍ਰੀਵਾਸਤਵਾ ਦਾ ਗੁਲਾਬ ਦੇ ਫੁੱਲਾਂ ਅਤੇ ਸਨਮਾਨ ਪੱਤਰ ਦੁਆਰਾ ਨਿੱਘਾ ਸਨਮਾਨ ਕੀਤਾ ਗਿਆ।ਸਮਾਜ ਦੀਆਂ ਉੱਘੀਆਂ ਹਸਤੀਆਂ ਵੱਲੋਂ ਅਤੀ ਉੱਤਮ ਯੂਨੀਵਰਸਲ ਗਲੋਬ ਭੇਟ ਕੀਤਾ; ਜਿਸ ਵਿਚ ਰਾਜਨੀਤੀ ਦੀ ਵੱਡੀ ਹਸਤੀ ਰਾਕੇਸ਼ ਜੋਸ਼ੀ ਵਕੀਲ, ਸਤੀਸ਼ ਠੱਕਰ, ਸੁਧੀਰ ਹਾਂਡਾ, ਡਾ. ਰਣਵੀਰ ਸ਼ਾਰਧਾ,ਮਨਣ ਗੁਪਤਾ, ਸੁਧੀਰ ਆਨੰਦ, ਨਵਲ ਬਜਾਜ, ਸ. ਗੁਰਦੇਵ ਸਿੰਘ ਮਾਨ ਆਦਿ ਸ਼ਾਮਲ ਸਨ। ਇਸ ਤੋਂ ਇਲਾਵਾ ਕੁਝ ਉਤਸ਼ਾਹੀ ਬੀਬੀਆਂ ਵੱਲੋਂ ਵੱਖ ਵੱਖ ਸਨਮਾਨ ਭੇਟ ਕੀਤੇ; ਜਿਸ ਵਿਚ ਸ੍ਰੀਮਤੀ ਸੁਰਿੰਦਰ ਸ਼ਰਮਾ, ਸ੍ਰੀਮਤੀ ਗੁਰਦੇਵ ਕੌਰ, ਸ੍ਰੀਮਤੀ ਸੰਤੋਸ਼ ਮੱਕੜ, ਵਿਜੇ ਸ਼ਰਮਾ, ਰੇਨੂੰ ਸਲਵਾਨ, ਸਵਰਨਾ ਸੂਦ, ਊਸ਼ਾ ਸ਼ਰਮਾ, ਸੁਨੀਤਾ ਵਰਮਾਨੀ ਆਦਿ ਸਨ।

ਰੌਜਰਸ ਕੰਪਨੀ ਦੇ ਮੈਨੇਜਰ ਅਤੇ ਅੱਜ ਦੇ ਉੱਘੇ ਸਟੇਜ ਸੰਚਾਲਕ ਸ੍ਰੀ ਜੈਕ ਧੀਰ ਨੇ ਕਨੇਡਾ ਦੀਆਂ ਪ੍ਰਸਿੱਧ ਹਸਤੀਆਂ ਦੀ ਨਿੱਜੀ ਜਾਣ ਪਹਿਚਾਣ ਕਰਾਈ; ਜਿਸ ਵਿਚ ਕਲੱਬ ਦੇ ਪ੍ਰਧਾਨ ਅਤੇ ਇਸ ਪ੍ਰਬੰਧ ਦੇ ਸੰਚਾਲਕ ਸ੍ਰੀ ਸ਼ੰਭੂ ਦੱਤ ਸ਼ਰਮਾ, ਸਤੀਸ਼ ਕੁਮਾਰ ਠੱਕਰ, ਡਾ.ਰਣਵੀਰ ਸ਼ਾਰਧਾ, ਆਰੀਆ ਸਮਾਜ ਦੇ ਪ੍ਰਧਾਨ ਸ੍ਰੀ ਅਮਰਐਰੀ, ਰਾਕੇਸ਼ ਜੋਸ਼ੀ, ਸੁਧੀਰ ਕੁਮਾਰ ਹਾਂਡਾ, ਗੁਰਦੇਵ ਸਿੰਘ ਮਾਨ, ਸੁਧੀਰ ਅਨੰਦ, ਪੂਰਨ ਸਿੰਘ ਪਾਂਧੀ, ਮਨਨ ਗੁਪਤਾ, ਨਵਲ ਬਜਾਜ ਆਦਿ ਸ਼ਾਮਲ ਸਨ।

ਇਸ ਕਲੱਬ ਦੇ ਸੁਯੋਗ ਪ੍ਰਧਾਨ ਸ੍ਰੀ ਸ਼ੰਭੂ ਦੱਤ ਸ਼ਰਮਾ ਨੇ ਮੁੱਖ ਮਹਿਮਾਨ ਨੂੰ ਇਸ ਕਲੱਬ ਦੀਆਂ ਪਿਛਲੀਆਂ ਗਤੀਵਿਧੀਆ ਅਤੇ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ਼ ਵਿਆਖਿਆ ਕਰਦਿਆਂ ਦੱਸਿਆ ਕਿ ਬੀਤੇ ਅਗਸਤ ਵਿਚ ਕਲੱਬ ਵੱਲੋਂ ਸ਼ਹੀਦ ਸੈਨਕਾਂ ਦੇ ਬੱਚਿਆਂ ਦੀ ਸਹਾਇਤਾ ਲਈ,ਭਾਰਤੀ ਪ੍ਰਧਾਨ ਮੰਤ੍ਰੀ ਰਿਲੀਫ ਵਿਚ 11 ਲੱਖ ਰੁਪਏ ਭੇਜੇ ਗਏ ਸਨ। ਇਸ ਵਾਰ ਪੰਜ ਲੱਖ ਰੁਪਏ ਦਾ ਚੈੱਕ ਸ੍ਰੀਮਤੀ ਅਪੂਰਵਾ ਸ੍ਰੀਵਾਸਤਵਾ ਕੌਂਸਲੇਟ ਜਨਰਲ ਨੂੰ ਸੌਂਪਿਆ ਗਿਆ; ਜਿਸ ਵਿਚ ਕਲੱਬ ਦੇ ਅਹੁਦੇਦਾਰ: ਸ੍ਰੀ ਕ੍ਰਿਸ਼ਨ ਕੁਮਾਰ ਸਲਵਾਨ ਜੋ ਕਿ ਸਭ ਤੋਂ ਵੱਧ ਮਾਇਕ ਸਹਾਇਤਾ ਪ੍ਰਦਾਨ ਕਰਨ ਵਾਲੇ ਹਨ, ਹੋਰ ਸਾਥੀ ਹਨ: ਹਰਭਗਵਾਨ ਮੱਕੜ, ਰਾਮ ਮੂਰਤੀ ਜੋਸ਼ੀ, ਰਛਪਾਲ ਸ਼ਰਮਾ, ਭੀਮ ਸੈਨ ਕਾਲੀਆ, ਰਾਜਿੰਦਰ ਸਿੰਘ ਸਰਾਂ, ਪਰਫੂਲ ਭਵਸਾਰ, ਦਲੀਪ ਪਾਰਖ, ਡਾ. ਗੁਰੂ ਦੱਤ ਵੈਦ, ਸ੍ਰੀਮਤੀ ਊਸ਼ਾ ਸ਼ਰਮਾ, ਸੁਨੀਤਾ ਬਰਮਾਨੀ, ਮਧੂਸੂਦਨ ਲਾਂਬਾ, ਰਾਮਪ੍ਰਕਾਸ਼ਪਾਲ, ਪ੍ਰਮੋਧ ਸ਼ਰਮਾ ਸ. ਜਰਨੈਲ ਸਿੰਘਸੰਘਾ, ਰੀਜਨਲ ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਆਦਿ ਦੇ ਨਾਂ ਵਰਣਨਯੋਗ ਹਨ।

ਜ਼ਿਕਰਯੋਗ ਗੱਲ ਇਹ ਵੀ ਹੈ ਕਿ ਇਸ ਇਕੱਤਰਤਾ ਲਈ ਕੋਈ ਫੰਡ ਇਕੱਠਾ ਨਹੀਂ ਕੀਤਾ, ਸਾਰਾ ਪ੍ਰਬੰਧ ਕਲੱਬ ਵੱਲੋਂ ਫਰੀ ਕੀਤਾ ਗਿਆ ਹੈ। ਸਰਬੱਤ ਲਈ ਤਰ੍ਹਾਂ ਤਰ੍ਹਾ ਦੇ ਭੋਜਨਾਂ ਦੁਆਰਾ ਹਾਰਦਿਕ ਸੇਵਾ ਕੀਤੀ ਗਈ। ਅੰਤ 'ਤੇ ਕਲੱਬ ਦੇ ਹਰਮਨ ਪਿਆਰੇ ਪ੍ਰਧਾਨ ਸ੍ਰੀ ਸ਼ੰਭੂ ਦੱਤ ਸ਼ਰਮਾ ਵੱਲੋਂ ਇਸ ਇਕਤੱਰਤਾ ਵਿਚ ਪਹੁੰਚੇ ਅਤੇ ਸਹਿਯੋਗੀ ਵੀਰਾਂ ਭੈਣਾ ਦਾ ਅਤੇ ਵਿਸ਼ੇਸ਼ ਕਰ ਬੈਂਕੁਟ ਹਾਲ ਦੇ ਮਾਲਕ ਸ. ਹਰਬੰਸ ਸਿੰਘ ਸਿੱਧੂ ਅਤੇ ਗੁਰਜੀਤ ਸਿੰਘ ਸਿੱਧੂ ਜੀ, ਸ੍ਰੀਮਤੀ ਰੇਮੋਨਾ ਸਿੰਘ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

# ਬਰੈਂਪਟਨ ਵਿਚ ਪਹਿਲੀ ਮੈਰਾਥਾਨ ਦੌੜ 13-14 ਜੂਨ ਨੂੰ




ਬਰੈਂਪਟਨ: ( ਰਜੀਤ ਸਿੰਘ ਫਲੋਰਾ) ਸਿਟੀ ਆਫ ਬਰੈਂਪਟਨ ਨੇ ਐਲਾਨ ਕੀਤਾ ਹੈ ਕਿ ਪਹਿਲੀ ਬਰੈਂਪਟਨ ਹਾਫ ਮਾਰਾਥਾਨ 13-14 ਜੂਨ 2020 ਨੂੰ ਅਯੋਜਿਤ ਕੀਤੀ ਜਾਵੇਗੀ। ਇਹ ਮੈਰਾਥੋਨ ਸਿਟੀ ਵਲੋਂ ਲੈਂਡ ਮਾਰਕ ਸਪੋਰਟਸ ਗਰੁਪ ਇੰਕ ਦੇ ਸਹਿਯੋਗ ਨਾਲ ਉਲੀਕੀ ਜਾਵੇਗੀ, ਅਤੇ ਬਰੈਂਪਟਨ ਇਸ ਆਯੋਜਿਤ ਕੀਤੇ ਜਾਣ ਵਾਲੀ ਪਹਿਲੀ ਹਾਫ ਮੈਰਾਥਾਨ ਦਾ ਗਵਾਹ ਹੋਵੇਗਾ। ਬਰੈਂਪਟਨ ਮੇਅਰ ਪੈਟਰਿਕ ਬਰਾਉਨ ਨੇ ਬੋਲਦੇ ਹੋਏ ਕਿਹਾ ਕਿ ਇਹ ਫੰਨ ਵਾਲਾਂ ਦਿਨ ਵੀਕਐਂਡ ਤੇ ਆ ਰਿਹਾ ਹੈ, ਮੈਂ ਚਾਹੁੰਦਾ ਹਾਂ ਕੇ ਬਰੈਂਪਟਨ ਦੇ ਲੋਕ ਹੈਲਥੀ ਤੇ ਪ੍ਰਫੁਲਤ , ਤੰਦਰੋਸਤ ਰਹਿਣ , ਇਸ ਲਈ ਦੌੜ, ਯੋਗਾ , ਸਿਹਤ ਲਈ ਬਹੁਤ ਜਰੂਰੀ ਹੈ। ਮੈਂ ਚਾਹੁੰਦਾ ਹਾਂ ਇਸ ਹਾਫ ਮੈਰਥਾਨ ਵਿਚ ਸਭ ਵੱਧ ਚੜ੍ਹ ਕੇ ਹਿਸਾ ਲੈਣ ਤੇ ਇਸ ਪਹਿਲੀ ਬਰੈਂਪਟਨ ਮੈਰਾਥਾਨ ਨੂੰ ਕਾਮਯਾਂਬ ਕਰਨ। 13 ਜੂਨ ਨੂੰ ਰਨਰਜ਼ ਐਕਸਪੋ ਹੋਵੇਗੀ, ਜਿਥੇ ਰਨਰਜ਼ ਵਾਸਤੇ ਵੱਖ ਵੱਖ ਕੰਮਨੀਆਂ ਦੇ ਫਿਟਨੈਂਸ ਨਾਲ ਸਬੰਧਿਤ ਉਤਪਾਦਾਂ ਦੇ ਸਟਾਲ ਲਗਾਏ ਜਾਣਗੇ। 14 ਜੂਨ ਨੂੰ ਸਵੇਰੇ 8 ਵਜੇ ਮਾਰਾਥਾਨ ਵਾਕ ਸ਼ੁਰੂ ਹੋਵੇਗੀ, ਜਿਸ ਵਿਚ ਦੌੜਾਕ 10 ਕਿਲੋ ਮੀਟਰ ਦੀ ਹਾਫ ਮਾਰਾਥਾਨ ਦੌੜ ਸਕਣਗੇ। ਇਹ ਦੌੜ ਮਾਂਊਟ ਪਲੈਜ਼ੰਟ ਵਿਲੇਜ਼ ਤੋਂ ਆਰੰਭ ਹੋ ਕੇ ਵਾਪਿਸ ਇਥੇ ਹੀ ਖ਼ਤਮ ਹੋਵੇਗੀ। ਇਸ ਵਿਚ ਅੱਠ ਚੈਰਟੀਜ਼ ਵਾਸਤੇ ਫੰਡ ਰੇਜ਼ ਕੀਤਾ ਜਾਵੇਗਾ। ਦੌੜਾਕਾਂ ਅਤੇ ਵਲੰਟੀਅਰਜ਼ ਵਾਸਤੇ ਆਨ ਲਾਇਨ ਰਜਿਸਟਰੇਸ਼ਨ ਹੋਵੇਗੀ ਜੋ 10 ਜੂਨ 2020 ਖੁਲ੍ਹੀ ਰਹੇਗੀ। ਮੇਅਰ ਪੈਟਰਿਕ ਬਰਾਊਨ ਵਲੋਂ ਇਸ ਹਾਫ ਮੈਰਾਥਾਨ ਪਾਰਟਨਰ ਗਰੁੱਪ ਇੰਕ ਐਲੀਅਟ ਨਾਲ ਮਿਲ ਕੇ ਕਰਵਾਉਣ ਤੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ ।

# ਲੈਸਟਰ ਬੀ. ਪੀਅਰਸਨ ਆਡੀਟੋਰੀਅਮ ਦਾ ਉਦਘਾਟਨ ਕੀਤਾ



ਬਰੈਂਪਟਨ: ( ਸੁਰਜੀਤ ਸਿੰਘ ਫਲੋਰਾ ) ਮੇਅਰ ਪੈਟਰਿਕ ਬਰਾਉਨ ਅਤੇ ਗੁਰਪ੍ਰੀਤ ਢਿਲੋਂ, ਰੋਵੀਨਾ ਸੈਂਟੋਸ, ਪਾਲ ਵਿੰਨਸੈਂਟ, ਜੈਫ ਬੋਮਾਨ ਅਤੇ ਚੇਅਰਮੈਂਨ ਵਿਲੀਅਮ ਕੌਂਸਲਰਾ ਨੇ ਸ਼ਨਿਚਰਵਾਰ 28 ਸਤੰਬਰ ਨੂੰ ਮਿਲ ਕੇ ਲੈਸਟਰ ਬੀ. ਪੀਅਰਸਨ ਆਡੀਟੋਰੀਅਮ ਦਾ ਰਿਬਨ ਕੱਟ ਕੇ ਉਦਘਾਟਨ ਕੀਤਾ। ਇਹ ਆਡੀਟੋਰੀਅਮ ਜੋ ਲੋਕਾਂ ਦੇ ਮਨੋਰੰਜਨ ਲਈ , ਗਾਉਣ ਵਜਾਉਣ ਅਤੇ ਡਰਾਮੇ ਆਦਿ ਪੇਸ਼ ਕਰਨ ਲਈ ਬਣਾਇਆਂ ਗਿਆ ਹੈ।

ਦਸੰਬਰ 2018 ਵਿਚ ਕੁਝ ਸੁਰੱਖਿਆਂ ਅਤੇ ਲੋਕਾਂ ਦੀ ਸੇਫਟੀ ਕਾਰਨ ਇਸ ਨੂੰ ਬੰਦ ਕਰ ਦਿੱਤਾ ਗਿਆ ਸੀ। ਇਸ ਨੂੰ ਫਿਰ ਤੋਂ ਬੀਤੇ ਦਿਨੀ ਇਸ ਦੀ ਸਾਰੀ ਮੁਰੰਮਤ ਕਰਕੇ ਜਿਸ ਤੇ ਸਿਟੀ ਦਾ ਕਹਿਣਾ ਹੈ ਕਿ 2,6 ਮਿਲੀਅਨ ਡਾਲਰ ਦੀ ਲਾਗਤ ਨਾਲ ਇਸ ਨੂੰ ਫਿਰ ਤੋਂ ਤਿਆਰ ਕੀਤਾ ਗਿਆ ਹੈ, ਜਿਥੇ ਲੋਕਾਂ ਦੀ ਸੁਰੱਖਿਆਂ ਹੀ ਨਹੀਂ ਬੱਲਕੇ ਸਿਹਤ ਦੇ ਨਾਲ ਨਾਲ, ਟੈਕਨੌਲਜੀ ਨੂੰ ਵੀ ਬੜਾਵਾ ਦੇ ਕੇ ਲੋਕਾਂ ਦੇ ਮਨੋਰੰਜਨ ਲਈ ਪੂਰਾਂ ਪੂਰਾ ਲਾਹੇਬੰਦ ਬਣਾਇਆ ਗਿਆ ਹੈ।

ਇਹ ਕਮਾਲ ਦਾ ਸਥਾਨ ਹੁਣ ਸੁਧਾਰੀ ਪਹੁੰਚਯੋਗਤਾ, ਸਿਹਤ ਅਤੇ ਸੁਰੱਖਿਆ ਵਿਸ਼ੇਸ਼ਤਾਵਾਂ, ਤਕਨੀਕੀ ਉਪਕਰਣਾਂ ਵਿਚ ਅਪਗ੍ਰੇਡ, ਅਤੇ ਇਕ ਆਧੁਨਿਕ ਸਵਾਗਤਯੋਗ ਖੇਤਰ ਤਿਆਰ ਹੈ ਜੋ ਕਿ ਸਿਵਿਕ ਸੈਂਟਰ ਵਿਚ ਸਾਰੇ ਦਰਸ਼ਕਾਂ ਲਈ ਇਕ ਕੰਮਿਊਨਟੀ ਦੇ ਪ੍ਰੋਗਰਾਮਾਂ ਦੇ ਇਕੱਠ ਕਰਨ, ਮਿਲ ਬੈਠ ਕੇ ਪਰਿਵਾਰ ਸਮੇਤ ਮਨੋਰੰਜਨ ਦਾ ਇਕ ਕੇਂਦਰ ਸਬਿਤ ਹੋਵੇਗਾ।

# ਵੇਲਜ਼ ਆਫ ਕੈਸਲਮੋਰ ਸੀਨੀਅਰ ਕਲੱਬ ਵੱਲੋਂ ਫੇਅਰਵੈਲ ਮਿਲਣੀ ਦਾ ਆਯੋਜਨ





ਬਰੈਂਪਟਨ, 7 ਅਕਤੂਬਰ: ਬੀਤੇ ਸ਼ਨੀਵਾਰ ਨੂੰ ਵੇਲਜ਼ ਆਫ ਕੈਸਲਮੋਰ ਸੀਨੀਅਰ ਕਲੱਬ ਦੁਆਰਾ ਫੇਅਰਵੈਲ ਅਤੇ ਜਨਰਲਬਾਡੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਕਲੱਬ ਦੇ ਜਨਰਲ ਸੈਕਟਰੀ ਹਰਪਾਲ ਸਿੰਘ ਛੀਨਾ ਦੁਆਰਾ ਸਭ ਹਾਜਰ ਮੈਂਬਰਾਂ ਦਾ ਸਵਾਗਤ ਕਰਦਿਆਂ ਕਲੱਬ ਦੀ ਇਸ ਸਾਲ ਦੀ ਕਾਰਗੁਜ਼ਾਰੀ 'ਤੇ ਚਾਨਣਾ ਪਾਇਆ ਗਿਆ। ਥੋੜੇ ਸਮੇਂ ਵਿੱਚ ਹੀ ਕਲੱਬ ਨੂੰ ਸਿਟੀ ਦੁਆਰਾ ਮਾਨਤਾ ਮਿਲਣ 'ਤੇ ਤਸੱਲੀ ਪ੍ਰਕਟਾਈ ਗਈ। ਇਸ ਉਪਰੰਤ ਪ੍ਰਧਾਨ ਵਤਨ ਸਿੰਘ ਗਿੱਲ ਨੇ ਸਭ ਮੈਂਬਰਾਂ ਦਾ ਹਾਜਰ ਹੋਣ ਲਈ ਧੰਨਵਾਦ ਕਰਦਿਆਂ ਸਭ ਨੂੰ ਗੁਰੂ ਨਾਨਕ ਦੇਵ ਦੇ 550ਵੇਂ ਪੁਰਬ ਦੀਆਂ ਵਧਾਈਆਂ ਦਿੱਤੀਆਂ। ਕਲੱਬ ਦੇ ਸਰਗਰਮ ਕਾਰਕੁਨ ਰਤਨ ਸਿੰਘ ਚੀਮਾ ਹੁਰਾਂ ਨੇ ਬਾਬੇ ਨਾਨਕ ਦੀਆਂ ਸਿਖਿਆਵਾਂ ਦੀ ਸਾਡੇ ਜੀਵਨ ਵਿੱਚ ਮਹੱਤਾ ਬਾਰੇ ਜਾਣਕਾਰੀ ਦਿੱਤੀ। ਕਿਸੇ ਮਜਬੂਰੀ ਵਸ ਕੈਸ਼ੀਅਰ ਦੇ ਨਾ ਆ ਸਕਣ ਕਰਕੇ ਜਨਰਲ ਸੈਕਟਰੀ ਹਰਪਾਲ ਸਿੰਘ ਛੀਨਾ ਨੇ ਕਲੱਬ ਦੇ ਜਮਾਂ ਖਰਚ ਦਾ ਬਿਓਰਾ ਪੇਸ਼ ਕੀਤਾ ਜਿਸ 'ਤੇ ਸਬ ਹਾਜਰ ਮੈਂਬਰਾਂ ਇੱਕ ਮਤ ਹੋ ਸਹਿਮਤੀ ਦੀ ਮੁਹਰ ਲਾਈ। ਜਰਨੈਲ ਸਿੰਘ ਹੁੰਦਲ ਹੁਰਾਂ ਆਪਣੀ ਸੁੰਦਰ ਕਵਿਤਾ ਦੁਆਰਾ ਸਭ ਦਾ ਮਨੋਰੰਜਨ ਕੀਤਾ। ਉੱਘੀ ਧਾਰਮਕ ਹੈਸੀਅਤ ਜੰਗੀਰ ਸਿੰਘ ਥਿਆਰਾ ਨੇ ਕਲੱਬ ਦੀ ਸਫਲਤਾ ਦੀ ਕਾਮਨਾ ਕਰਦਿਆਂ ਸਭ ਨੂੰ ਰੱਬ ਦੀ ਰਜ਼ਾ ਵਿੱਚ ਰਹਿਣ ਦਾ ਸੁਨੇਹਾ ਦਿੰਦਿਆਂ ਦੱਸਿਆ ਕਿ 10 ਨਵੰਬਰ 2019 ਨੂੰ ਗੁਰਦਵਾਰਾ ਮੇਅਫੀਲਡ ਵਿਖੇ ਭਾਰਤੀ ਕੌਂਸਲੇਟ ਦੇ ਸਹਿਯੋਗ ਨਾਲ ਪੈਨਸ਼ਨਰਾਂ ਦੇ ਲਾਈਫ ਸਰਟੀਫਿਕੇਟ ਬਨਾਉਣ ਦਾ ਉਪਰਾਲਾ ਕੀਤਾ ਗਿਆ ਹੈ, ਲੋੜਵੰਦ ਸੱਜਣ ਗੁਰਦਵਾਰਾ ਸਾਹਿਬ ਤੋਂ ਫਾਰਮ ਹਾਸਲ ਕਰਕੇ ਇਸ ਅਵਸਰ ਦਾ ਲਾਭ ਲੈ ਸਕਦੇ ਹਨ। ਅੰਤ ਵਿੱਚ ਕਲੱਬ ਪ੍ਰਬੰਧਕਾਂ ਕਲੱਬ ਦੀ ਵਧੀਆ ਕਾਰਗੁਜਾਰੀ ਲਈ ਸਭ ਮੈਂਬਰਾਂ ਅਤੇ ਡਾਈਰੈਕਰਾਂ ਦੇ ਸਹਿਯੋਗ ਲਈ ਧੰਨਵਾਦ ਕਰਦਿਆਂ ਅਗਲੇ ਸਾਲ ਲਈ ਸੁਭਕਾਮਨਾਵਾਂ ਦਿੱਤੀਆ।







**Paramjit Deol** Broker **CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



**Your neighborhood broker, Call Paramjit Deol Today**

**MISSISSAUGA $975**
**Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000**
Photo Not Available
**27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000**
**23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000**
**1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000**
**Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000**
Photo Not Available
**1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000**
Photo Not Available
**77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000**
**17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900**
**7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000**
Photo Not Available
**10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000**
Photo Not Available
**470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000**
**23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000**
**5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000**
**693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000**
**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000**
**32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਕਾਂਗਰਸ ਨੂੰ ਵੱਡਾ ਝਟਕਾ: ਦਿੱਲੀ ਵਿੱਚ ਚਾਰ ਵਾਰ ਦੇ ਸਾਬਕਾ ਵਿਧਾਇਕ ਸਾਹਨੀ ਨੇ ਚੋਣਾਂ ਤੋਂ ਪਹਿਲਾਂ 'ਆਪ' ਦਾ ਝਾੜੂ ਫੜਿਆ

ਨਵੀਂ ਦਿੱਲੀ, 7 ਅਕਤੂਬਰ, (ਪੋਸਟ ਬਿਊਰੋ)- ਵਿਧਾਨ ਸਭਾ ਦੀਆਂ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਕਾਂਗਰਸ ਦੇ ਸਾਬਕਾ ਵਿਧਾਇਕ ਪ੍ਰਹਿਲਾਦ ਸਿੰਘ ਸਾਹਨੀ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ। ਉਸ ਨੇ ਇਸ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਅਤੇ ਰਾਜ ਸਭਾ ਐੱਮ ਪੀ ਸੰਜੇ ਸਿੰਘ ਦੀ ਹਾਜ਼ਰੀ ਵਿੱਚਇਹ ਐਲਾਨ ਕੀਤਾ ਹੈ।



ਇਸ ਮੌਕੇ ਪ੍ਰਹਿਲਾਦ ਸਿੰਘ ਸਾਹਨੀ (68 ਸਾਲ) ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਕੰਮਾਂਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਨੇ ਕਾਂਗਰਸ ਨੂੰ ਛੱਡਣ ਅਤੇ ਇਸ ਪਾਰਟੀ ਵਿੱਚ ਜਾਣ ਦਾ ਫੈਸਲਾ ਕੀਤਾ ਹੈ।ਕਾਂਗਰਸ ਤੋਂ ਚਾਰ ਵਾਰ ਵਿਧਾਇਕ ਰਹੇ ਸਾਹਨੀ ਨੇ ਸਾਲ 1998 ਵਿੱਚ ਪਹਿਲੀ ਵਾਰ ਚਾਂਦਨੀ ਚੌਕ ਸੀਟ ਤੋਂ ਵਿਧਾਨ ਸਭਾ ਚੋਣ ਜਿੱਤੀ ਸੀ। ਇਸ ਪਿੱਛੋਂ ਉਹ ਸਾਲ 2003, 2008 ਅਤੇ 2013 ਵਿੱਚਮੁੜ ਕੇ ਵਿਧਾਇਕ ਚੁਣੇ ਗਏ, ਪਰ ਸਾਲ 2015 ਵਿੱਚ ਸਾਹਨੀ ਆਮ ਆਦਮੀ ਪਾਰਟੀ ਦੀ ਉਮੀਦਵਾਰ ਅਲਕਾ ਲਾਂਬਾ ਤੋਂ ਵਿਧਾਨ ਸਭਾ ਚੋਣ ਹਾਰ ਗਏ ਸਨ। ਉਸ ਵਕਤ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਗਈ ਅਲਕਾ ਲਾਂਬਾ ਨੇ ਪਿਛਲੇ ਮਹੀਨੇ ਫਿਰ ਕਾਂਗਰਸ ਦਾ 'ਹੱਥ' ਫੜ ਲਿਆ ਹੈ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ ਨੇੜਲੇ ਸਾਥੀ ਰਹਿ ਚੁੱਕੇ ਪ੍ਰਹਿਲਾਦ ਸਿੰਘ ਸਾਹਨੀ ਅਸਲ ਵਿਚ ਅਲਕਾ ਲਾਂਬਾ ਦੇ ਦੁਬਾਰਾ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਨਾਰਾਜ਼ ਸੀ। ਅਲਕਾ ਦੀ ਕਾਂਗਰਸ ਵਿਚ ਵਾਪਸੀ ਤੋਂ ਬਾਅਦ ਸਾਹਨੀ ਨੂੰ ਓਸੇ ਹਲਕੇ ਤੋਂ ਕਾਂਗਰਸ ਦਾ ਟਿਕਟ ਮਿਲਣਾ ਮੁਸ਼ਕਲ ਸੀ।

# ਗਾਂਧੀ ਪਰਿਵਾਰ ਦੀ ਸੁਰੱਖਿਆ ਦੇ ਮਾਮਲੇ ਵਿਚ ਮੋਦੀ ਸਰਕਾਰ ਨੇ ਵੱਡੀ ਤਬਦੀਲੀ ਕੀਤੀ

ਨਵੀਂ ਦਿੱਲੀ, 7 ਅਕਤੂਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਐੱਸ ਪੀ ਜੀ (ਸਪੈਸ਼ਲ ਪ੍ਰੋਟੈਕਸ਼ਨ ਗਰੁੱਪ) ਵੱਲੋਂ ਮਿਲੀ ਹੋਈ ਸੁਰੱਖਿਆ ਬਾਰੇ ਨਵੇਂ ਬਦਲਾਅ ਕੀਤੇ ਹਨ ਤੇ ਜਿਨ੍ਹਾਂ ਲੋਕਾਂ ਕੋਲ ਇਹ ਸੁਰੱਖਿਆ ਹੈ, ਅੱਗੇ ਤੋਂਉਨ੍ਹਾਂ ਨਾਲ ਵਿਦੇਸ਼ੀ ਦੌਰਿਆਂ ਉੱਤੇ ਵੀ ਇਸ ਫੋਰਸ ਦੇ ਜਵਾਨ ਲੱਗੇਹੋਣਗੇ। ਇਸ ਪਿੱਛੋਂ ਇਸਸੁਰੱਖਿਆ ਵਾਲੇ ਹਰ ਵਿਅਕਤੀਨਾਲ ਇਹ ਕਮਾਂਡੋ ਵਿਦੇਸ਼ ਦੌਰਾ ਵੀ ਕਰਨਗੇ। ਪਹਿਲਾਂ ਇਸ ਤਰ੍ਹਾਂ ਨਹੀਂ ਸੀ, ਪਰ ਮੋਦੀ ਸਰਕਾਰ ਨਿਯਮਾਂ ਵਿਚ ਬਦਲਾਅ ਕਰ ਰਹੀ ਹੈ। ਜਾਣਕਾਰ ਸੂਤਰਾਂ ਦੇ ਅਨੁਸਾਰ ਸਰਕਾਰ ਦੇ ਇਸ ਫੈਸਲੇ ਨੂੰ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੇ ਵਿਦੇਸ਼ ਦੌਰਿਆਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।



*** ਵਿਦੇਸ਼ ਦੌਰੇ ਵੇਲੇ ਵੀ ਕਮਾਂਡੋ ਨਾਲ ਰਹਿਣਗੇ**

ਵਰਨਣ ਯੋਗ ਹੈ ਕਿ ਐੱਸਪੀਜੀ ਸੁਰੱਖਿਆ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਸਾਬਕਾ ਪ੍ਰਧਾਨ ਮੰਤਰੀਆਂ ਨੂੰ ਦਿੱਤੀ ਜਾਂਦੀ ਹੈ। ਇਸ ਵਕਤ ਇਹ ਸਹੂਲਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਇਲਾਵਾ ਗਾਂਧੀ ਪਰਿਵਾਰ ਨੂੰ ਵੀ ਮਿਲ ਰਹੀ ਹੈ, ਜਿਨ੍ਹਾਂ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਸਾਬਕਾ ਕਾਂ-ਗਰਸ ਪ੍ਰਧਾਨ ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਵਾਡਰਾ ਸ਼ਾਮਲ ਹਨ।ਪਹਿਲਾਂ ਇਹੋ ਸੁਰੱਖਿਆ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਵੀ ਮਿਲਦੀ ਸੀ, ਪਰ ਪਿਛਲੇ ਦਿਨੀਂਉਨ੍ਹਾਂ ਦੀ ਸੁਰੱਖਿਆ ਦਾ ਪੱਧਰ ਘਟਾ ਕੇ ਜ਼ੈਡ+ ਕਰ ਦਿੱਤਾ ਗਿਆ ਹੈ।

ਅਸਲ ਵਿੱਚ ਮਹਾਰਾਸ਼ਟਰ ਚੋਣਾਂ ਤੋਂ ਪਹਿਲਾਂ ਰਾਹੁਲ ਗਾਂਧੀ ਵਿਦੇਸ਼ੀ ਦੌਰੇ ਉੱਤੇ ਚਲੇ ਗਏ ਹਨ ਤੇ ਇਸ ਗੱਲ ਦੀ ਚਰਚਾ ਹੈ ਕਿ ਉਹ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਜਾਂ ਕੰਬੋਡੀਆ ਗਏ ਹਨ, ਪਰ ਉਨ੍ਹਾਂ ਦੀ ਲੋਕੇਸ਼ਨ ਬਾਰੇ ਜਾਣਕਾਰੀ ਬਾਕਾਇਦਾ ਤੌਰ ਉੱਤੇ ਨਹੀਂ ਮਿਲ ਸਕੀ। ਭਾਰਤੀ ਜਨਤਾ ਪਾਰਟੀ ਨੇ ਕਈ ਵਾਰ ਇਹ ਸਵਾਲ ਚੁੱਕੇ ਹਨ ਕਿ ਰਾਹੁਲ ਗਾਂਧੀ ਅਕਸਰ ਏਦਾਂ ਦੇ ਵਿਦੇਸ਼ੀ ਦੌਰਿਆਂ ਉੱਤੇ ਜਾਂਦੇ ਹਨ, ਜਿਸ ਬਾਰੇ ਦੇਸ਼ ਨੂੰ ਜਾਣਕਾਰੀ ਨਹੀਂ ਹੁੰਦੀ। ਉਹ ਭਾਰਤ ਦੀ ਮੁੱਖ ਵਿਰੋਧੀ ਪਾਰਟੀ ਦੇ ਵੱਡੇ ਆਗੂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੇ ਨਵੇਂ ਨਿਯਮ ਮੁਤਾ-ਬਕ ਐੱਸ ਪੀਜੀ ਸੁਰੱਖਿਆ ਵਾਲਾ ਕੋਈ ਵੀ ਆਗੂ ਜਦੋਂ ਵਿਦੇਸ਼ੀ ਦੌਰੇ ਉੱਤੇ ਹੋਵੇਗਾ ਤਾਂ ਐੱਸ ਪੀਜੀ ਕਮਾਂਡੋ ਹਮੇਸ਼ਾਂ ਉਸ ਦੇ ਨਾਲ ਰਹਿਣਗੇ।

# ਤ੍ਰਿਣਮੂਲ ਐੱਮ ਪੀ ਨੁਸਰਤ ਜਹਾਂ ਨੇ ਹਿੰਦੂ ਪਤੀ ਨਾਲ ਦੁਰਗਾ ਪੂਜਾ ਕੀਤੀ

ਨਵੀਂ ਦਿੱਲੀ, 7 ਅਕਤੂਬਰ, (ਪੋਸਟ ਬਿਊਰੋ)- ਫਿਲਮ ਐਕਟਰੈੱਸ ਅਤੇ ਤ੍ਰਿਣਮੂਲ ਕਾਂਗਰਸ ਪਾਰਟੀ ਦੀ ਪਾਰਲੀਮੈਂਟ ਮੈਂਬਰ ਨੁਸਰਤ ਜਹਾਂ ਵੱਲੋਂ ਆਪਣੇ ਪਤੀ ਨਿਖਿਲ ਜੈਨ ਨਾਲ ਦੁਰਗਾ ਪੂਜਾ ਕਰਨ ਲਈ ਜਾਣ ਦੀਆਂ ਖਬਰਾਂ ਤੋਂ ਮੁਸਲਿਮ ਉਲੇਮਾ ਭੜਕ ਪਏ ਹਨ ਅਤੇ ਉਨ੍ਹਾਂ ਨੇ ਇਸ ਕਾਰਵਾਈ ਨੂੰ 'ਹਰਾਮ' ਕਿਹਾ ਹੈ।

ਵਰਣਣ ਯੋਗ ਹੈ ਕਿ ਅੱਜ ਕੱਲ੍ਹ ਪੱਛਮੀ ਬੰਗਾਲ ਵਿੱਚ ਦੁਰਗਾ ਪੂਜਾ ਦਾ ਤਿਉਹਾਰ ਚੱਲ ਰਿਹਾ ਹੈ। ਇਸ ਦੌਰਾਨ ਤ੍ਰਿਣਮੂਲ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਨੁਸਰਤ ਜਹਾਂ ਰੂਹੀ, ਜਿਸ ਨੇ ਇੱਕ ਹਿੰਦੂ ਨੌਜਵਾਨ ਨਿਖਿਲ ਜੈਨ ਨਾਲ ਸ਼ਾਦੀ ਕੀਤੀ ਹੋਈ ਹੈ, ਇੱਕ ਪੰਡਾਲ ਵਿੱਚ ਆਪਣੇ ਪਤੀ ਨਾਲ ਦੁਰਗਾ ਪੂਜਾ ਕਰਨ ਗਈ ਸੀ। ਉਸ ਦੀ ਇਸ ਪੂਜਾ ਅਰਚਨਾ ਦੀ ਖਬਰ ਤੇ ਇਸ ਤਿਉਹਾਰ ਵਿੱਚ ਉਸ ਦੀ ਸਰਗਰਮੀ ਦੀਆਂ ਹੋਰ ਰਿਪੋਰਟਾਂ ਤੋਂਭੜਕੇ ਇੱਕ ਪ੍ਰਮੁੱਖ ਮੁਸਲਿਮ ਉਲੇਮਾ ਨੇ ਕਿਹਾ, 'ਇਸਲਾਮ ਵਿੱਚ ਯਕੀਨ ਰੱਖਣ ਵਾਲਾ ਵਿਅਕਤੀ ਕਿਸੇ ਹੋਰ ਧਰਮ ਦੀ ਪੂਜਾ ਨਹੀਂ ਕਰ ਸਕਦਾ ਅਤੇ ਜੇ ਨੁਸਰਤ ਦੂਸਰੇ ਧਰਮਾਂ ਦੀ ਪੂਜਾ ਕਰਦੀ ਹੈ ਤਾਂ ਇਸ ਤਰ੍ਹਾਂ ਉਹ ਇਸਲਾਮ ਨੂੰ ਨਹੀਂ ਮੰਨਦੀ, ਉਸ ਦੀ ਇਹ ਕਾਰਵਾਈ ਇੱਕ ਤਰ੍ਹਾਂ ਨਾਲ ਹਰਾਮ ਹੈ ਅਤੇ ਏਦਾਂ ਹੀ ਕਰਨਾ ਹੈ ਤਾਂ ਉਨ੍ਹਾਂ ਨੂੰ ਆਪਣਾ ਨਾਂ ਬਦਲ ਲੈਣਾ ਚਾਹੀਦਾ ਹੈ।'

*** ਭੜਕੇ ਹੋਏ ਉਲੇਮਾ ਨੇ ਇਸ ਨੂੰ 'ਹਰਾਮ' ਕਿਹਾ**
*** ਨੁਸਰਤ ਨੂੰ ਆਪਣਾ ਨਾਂ ਬਦਲ ਲੈਣਾ ਚਾਹੀਦੈ: ਉਲੇਮਾ**

ਇਸਲਾਮੀ ਸਿਧਾਂਤ ਦੇ ਅਦਾਰੇ ਦੇਵਬੰਦ ਦੇ ਇਸ ਉਲੇਮਾ ਨੇ ਕਿਹਾ, ਇਸਲਾਮ ਵਿੱਚ ਅੱਲ੍ਹਾ ਤੋਂ ਬਿਨਾ ਕਿਸੇ ਹੋਰ ਦੀ ਇਬਾਦਤ ਕਰਨੀ ਹਰਾਮ ਹੈ ਤਾਂ ਨੁਸਰਤ ਜਹਾਂ ਗੈਰ-ਇਸਲਾਮੀ ਕੰਮ ਕਿਉਂ ਕਰਦੀ ਹੈ। ਜੇ ਉਸਨੇ ਗੈਰ-ਇਸਲਾਮੀ ਕੰਮ ਕਰਨੇ ਹਨ ਤਾਂ ਆਪਣਾ ਨਾਂ ਵੀ ਬਦਲ ਲਵੇ।' ਦੇਵਬੰਦ ਦੇ ਉਲੇਮਾ ਨੇ ਕਿਹਾ, 'ਨੁਸਰਤ ਜਹਾਂ ਨੇ ਏਦਾਂ ਪਹਿਲੀ ਵਾਰ ਨਹੀਂ ਕੀਤਾ, ਉਹ ਪਹਿਲਾਂ ਵੀ ਦੁਰਗਾ ਪੂਜਾ ਕਰ ਚੁੱਕੀ ਹੈ, ਪਰ ਇਸ ਵਾਰ ਨੁਸਰਤ ਨੇ ਨਵ-ਦੁਰਗਾ ਦੀ ਜਨਤਕ ਤੌਰ ਉੱਤੇ ਪੂਜਾ ਕੀਤੀ ਹੈ ਤੇ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦਾ ਅਮਲ ਇਸਲਾਮ ਵਿੱਚ ਜਾਇਜ਼ ਨਹੀਂ। ਨੁਸਰਤ ਨੂੰ ਇਸ ਤੋਂ ਪਰਹੇਜ਼ ਕਰਨਾ ਚਾਹੀਦਾ ਸੀ। ਇਸ ਤਰ੍ਹਾਂ ਦੇ ਕੰਮ ਕਰਨ ਨਾਲ ਉਹ ਇਸਲਾਮ ਤੇ ਮੁਸਲਮਾਨਾਂ ਦੀ ਤੌਹੀਨ ਕਰਦੀ ਹੈ।'

ਉਂਜ ਇਸ ਤੋਂ ਪਹਿਲਾਂ ਵੀ ਨੁਸਰਤ ਜਹਾਂ ਵੱਲੋਂ ਪੂਜਾ ਸਮਾਗਮ ਵਿੱਚ ਜਾਣ, ਪਾਰਲੀਮੈਂਟ ਵਿੱਚ ਸਾੜੀ, ਸੰਧੂਰ ਤੇ ਮਾਡਰਨ ਕੱਪੜੇ ਪਾਉਣ ਕਾਰਨ ਉਲੇਮਾ ਉਸ ਉੱਤੇ ਨਿਸ਼ਾਨੇ ਸਾਧ ਚੁੱਕੇ ਹਨ।



TransExpert ALWAYS DELIVER
NOW HIRING!
Skylark LOGISTICS INC.

*Full Time Mechanic Also Needed*
*Highway US Drivers & Owner Operators Wanted*

- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.



*Also Flatbed owner operators are needed.*
*Regular flatbed freight.*

*Yards located in Milton ON and Puslinch both on Highway 401
Contact 6474064420 or 6479220000
if busy send txt message.

# ਡਾ.ਭੰਡਾਲ ਦੀ ਕਾਵਿ ਪੁਸਤਕ 'ਰੂਹ ਰੇਜ਼ਾ' ਰੀਲੀਜ਼

ਜਲੰਧਰ, "ਸਾਹਿਤ ਕਲਾ ਕੇਂਦਰ, ਜਲੰਧਰ ਵਲੋਂ ਐਤਵਾਰ ਨੂੰ ਇਕ ਸਾਹਿਤਕ ਸਮਾਗਮ ਵਿਚ ਡਾ ਗੁਰਬਖ਼ਸ਼ ਸਿੰਘ ਭੰਡਾਲ ਦੀ ਨਵੀਂ ਕਾਵਿ-ਪੁਸਤਕ "ਰੂਹ ਰੇਜ਼ਾ' ਰੀਲੀਜ਼ ਕੀਤੀ ਗਈ।"। ਇਹ ਜਾਣਕਾਰੀ ਡਾ ਗੋਪਾਲ ਸਿੰਘ ਬੁੱਟਰ ਪ੍ਰਧਾਨ ਸਾਹਿਤ ਕਲਾ ਕੇਂਦਰ ਅਤੇ ਮੁੱਖੀ, ਪੰਜਾਬੀ ਵਿਭਾਗ, ਲਾਇਲਪੁਰ ਖਾਲਸਾ ਕਾਲਜ ਜਲੰਧਰ ਨੇ ਦਿਤੀ ਹੈ। ਡਾ ਬੁੱਟਰ ਨੇ ਦੱਸਿਆ ਕਿ ਇਸ ਮੌਕੇ 'ਤੇ ਉਘੇ ਪੱਤਰਕਾਰ ਜਤਿੰਦਰ ਪੰਨੂ ਨੇ ਡਾ ਭੰਡਾਲ ਨਾਲ ਨਿੱਜੀ ਸਬੰਧਾਂ ਦਾ ਜਿੱਕਰ ਕਰਦਿਆਂ, ਉਹਨਾਂ ਦੇ ਸਾਹਿਤਕ ਸੰਸਾਰ ਬਾਰੇ, ਲਿਖਤਾਂ ਦੇ ਮੁਹਾਂਦਰੇ, ਵਿਸ਼ਿਆਂ, ਨਿਵੇਕਲੇ ਰੂਪ ਅਤੇ ਵਿਲੱਖਣਤਾ ਬਾਰੇ ਨਿੱਠ ਕੇ ਵਿਚਾਰ ਪੇਸ਼ ਕੀਤੇ। ਉਹਨਾਂ ਦੱਸਿਆ ਕਿ ਡਾ ਭੰਡਾਲ ਦੀ ਵਾਰਤਕ ਵੀ ਕਵਿਤਾਮਈ ਹੈ ਜਿਸ ਵਿਚ ਉਹ ਅਣਛੋਹੇ ਵਿਸ਼ਿਆਂ ਵਿਚਾਰ ਤਰਕਸੰਗਤ ਤਰੀਕੇ ਨਾਲ ਪੇਸ਼ ਕਰਦੇ ਹਨ। ਉਹਨਾਂ ਦੀਆਂ ਕਵਿਤਾਵਾਂ ਬਹੁਤ ਹੀ ਕੋਮਲ ਅਤੇ ਮਨੁੱਖਵਾਦੀ ਹਨ ਜਿਹਨਾਂ ਵਿਚ ਸੂਖਮਭਾਵੀ ਸੰਦੇਸ਼ ਹੁੰਦਾ ਹੈ। ਪ੍ਰੋਫੈਸਰ ਨਵਰੂਪ ਨੇ ਵੀ ਡਾ ਭੰਡਾਲ ਦੇ ਕਾਵਿ-ਸੰਸਾਰ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਉਹਨਾਂ ਨੂੰ ਨਵੀਂ ਕਾਵਿ-ਕਿਰਤ ਲਈ ਵਧਾਈ ਦਿਤੀ।



ਇਸ ਸਮਾਗਮ ਵਿਚ ਸਰਵ ਸ੍ਰੀ, ਕੁਲਦੀਪ ਸਿੰਘ ਬੇਦੀ, ਪ੍ਰੋਫੈਸਰ ਸੁਰਜੀਤ ਜੱਜ, ਦੇਸ ਰਾਜ ਕਾਲੀ, ਸਤਨਾਮ ਚਾਨਾ, ਇੰਜ. ਸੀਤਲ ਸਿੰਘ ਸੰਘਾ ਸਮੇਤ ਬਹੁਤ ਸਾਰੇ ਅਦਬੀ ਸਖਸ਼ੀਅਤਾਂ ਹਾਜਰ ਸਨ। ਯਾਦ ਰਹੇ ਕਿ ਸ਼੍ਰੋਮਣੀ ਪ੍ਰਵਾਸੀ ਸਾਹਿਤਕਾਰ ਡਾ ਗੁਰਬਖ਼ਸ਼ ਭੰਡਾਲ ਅੱਜ ਕੱਲ ਅਮਰੀਕਾ ਦੀ ਕਲੀਵਲੈਂਡ ਸਟੇਟ ਯੂਨਵਿਰਸਿਟੀ ਵਿਚ ਫਿਜਿਕਸ ਪੜਾ ਰਹੇ ਹਨ ਜਿਹਨਾਂ ਦੀਆਂ ਹੁਣ ਤੀਖ 18 ਪੁਸਤਕਾਂ ਛੱਪ ਚੁੱਕੀਆਂ ਹਨ।

ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers


• ਕਾਲ ਕਰੋ: 416-357-4082 •

# ਮਿਊਰੀਅਲ ਆਰਨਾਸਨ ਲਾਇਬ੍ਰੇਰੀ ਵੱਲੋਂ ਦੀਵਾਲੀ ਦਾ ਸੱਦਾ




26 ਅਕਤੂਬਰ ਦਿਨ ਸ਼ਨਿੱਚਰਵਾਰ 1.00 ਵਜੇ ਤੋਂ 3.00 ਵਜੇ ਤੱਕ ਮਿਉਰੀਅਲ ਆਰਨਾਸਨ ਲਾਇਬ੍ਰੇਰੀ ਅਤੇ ਟਾਊਨਸ਼ਿਪ ਆੱਫ ਲੈਂਗਲੀ ਵੱਲੋਂ ਦੀਵਾਲੀ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਮੈਂਹਦੀ, ਬੱਚਿਆਂ ਲਈ ਕਰਾਫਟਸ ਅਤੇ ਫੇਸ-ਪੇਂਟਿੰਗ, ਅਤੇ ਭਾਰਤੀ ਸੰਗੀਤ ਅਤੇ ਪੰਜਾਬੀ ਲੋਕਨਾਚ ਭੰਗੜੇ ਤੋਂ ਇਲਾਵਾ ਖਾਣ ਪੀਣ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ । ਸਭ ਨੂੰ ਆਉਣ ਲਈ ਪਿਆਰ ਭਰਿਆ ਸੱਦਾ ਦਿੱਤਾ ਜਾਂਦਾ ਹੈ। ਮਿਉਰੀਅਲ ਆਰਨਾਸਨ ਲਾਇਬ੍ਰੇਰੀ ਦਾ ਫੋਨ: (604) 632-3590 ਹੈ ਅਤੇ ਇਹ 20338 - 65 ਐਵੇਨਿਉ, ਲੈਂਗਲੀ ਵਿੱਚ ਹੈ ।

ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਡੀਬੇਟ ਦੌਰਾਨ ਲੀਡਰਾਂ ਦੀ ਕਾਵਾਂ ਰੌਲੀ ਵਿੱਚ ਗੁਆਚੇ ਰਹੇ ਅਸਲ ਮੁੱਦੇ

...ਪੰਨਾ 1 ਦਾ ਬਾਕੀ

ਐਨ ਡੀ ਪੀ ਦੇ ਜਗਮੀਤ ਸਿੰਘ ਨੇ ਲੀਡਰਸ਼ਿੱਪ ਨੂੰ ਹਿੰਮਤ ਰੱਖਣ ਵਾਲਾ ਗੁਣ ਕਰਾਰ ਦਿੱਤਾ। ਉਸਨੇ ਸਮੁੱਚੀ ਡੀਬੇਟ ਦੌਰਾਨ ਹਿੰਮਤ ਅਤੇ ਹੌਸਲੇ ਦੀ ਗੱਲ ਨੂੰ ਕਈ ਵਾਰ ਦੁਹਰਾਇਆ। ਕਈ ਵਾਰ ਉਹ ਉੱਥੇ ਵੀ ਹਿੰਮਤ ਦੀ ਗੱਲ ਕਰਦਾ ਰਿਹਾ ਜਿੱਥੇ ਢੁੱਕਵੀਂ ਰਣਨੀਤੀ ਦੀ ਗੱਲ ਕੀਤੀ ਜਾਣੀ ਬਣਦੀ ਸੀ। ਗਰੀਨ ਪਾਰਟੀ ਦੀ ਆਗੂ ਐਲਿਜ਼ਾਬੈਥ ਮੇਅ ਵੱਲੋਂ ਮਨੁੱਖੀ ਅਧਿਕਾਰਾਂ ਦੀ ਰਖਵਾਲੀ, ਗਰੀਬੀ ਨੂੰ ਖਤਮ ਕਰਨਾ ਅਤੇ ਕਾਨੂੰਨ ਉੱਤੇ ਆਧਾਰਿਤ ਪ੍ਰਸ਼ਾਸ਼ਨ ਖੜਾ ਕਰਨ ਨੂੰ ਲੀਡਰਸ਼ਿੱਪ ਦੇ ਗੁਣ ਦੱਸਿਆ।

ਡੀਬੇਟ ਵਿੱਚ ਲੀਡਰਾਂ ਨੂੰ ਇੱਕ ਸੁਆਲ ਫੈਡਰਲ ਸਰਕਾਰ ਅਤੇ ਪ੍ਰੋਵਿੰਸਾਂ ਦਰਮਿਆਨ ਸਹਿਯੋਗ ਭਾਵ ਕੋਆਪਰੇਸ਼ਨ ਬਾਰੇ ਪੁੱਛਿਆ ਗਿਆ। ਸ਼ੀਅਰ ਨੇ ਕਿਹਾ ਕਿ ਇਹ ਮੁੱਦਾ ਮਹੱਤਵਪੂਰਣ ਹੈ ਪਰ ਦੋਸ਼ ਲਾਇਆ ਕਿ ਟਰੂਡੋ ਨੇ ਇਸ ਬਾਰੇ ਕੋਈ ਕੰਮ ਨਹੀਂ ਕੀਤਾ ਹੈ। ਸ਼ੀਅਰ ਮੁਤਾਬਕ ਪ੍ਰੋਵਿੰਸਾਂ ਨਾਲ ਸਹਿਯੋਗ ਦੇ ਨਾਮ ਉੱਤੇ ਟਰੂਡੋ ਨੇ ਪ੍ਰੋਵਿੰਸਾਂ ਨੂੰ ਅਦਾਲਤਾਂ ਵਿੱਚ ਘੜੀਸਿਆ ਹੈ ਜਿਸਤੋਂ ਉਸਦੀ ਮੁਰਾਦ ਅਲਬਰਟਾ ਅਤੇ ਉਂਟੇਰੀਓ ਵੱਲੋਂ ਕਾਰਬਨ ਟੈਕਸ ਨੂੰ ਲੈ ਕੇ ਕੀਤੇ ਗਏ ਕੇਸ ਸਨ। ਟਰੂਡੋ ਨੇ ਨਾਫਟਾ ਸੰਧੀ ਨੂੰ ਸਹੀ ਕਰਨ ਵਾਸਤੇ ਪ੍ਰੋਵਿੰਸਾਂ ਨਾਲ ਕੀਤੀ ਗੱਲਬਾਤ, ਕੈਨੇਡੀਅਨ ਪੈਨਸ਼ਨ ਪਲਾਨ ਨੂੰ ਸੁਦ੍ਰਿੜ ਬਣਾਉਣ ਦੀ ਗੱਲ ਨੂੰ ਆਪਣੀ ਸਹਿਯੋਗ ਦੀ ਰਣਨੀਤੀ ਦੱਸਿਆ। ਜਗਮੀਤ ਸਿੰਘ ਨੇ ਸਿਹਤ, ਵਿੱਦਿਆ, ਮੂਲਵਾਸੀਆਂ ਲਈ ਸਾਫ਼ ਪਾਣੀ ਦਾ ਇੰਤਜ਼ਾਮ ਕਰਨ ਨੂੰ ਮਹੱਤਵਪੂਰਣ ਦੱਸਿਆ। ਪੀਪਲਜ਼ ਪਾਰਟੀ ਦੇ ਆਗੂ ਮੈਕਸਿਮ ਬਰਨੀਏ ਮੁਤਾਬਕ ਸੰਵਿਧਾਨ ਦਾ ਸਨਮਾਨ ਕਰਨਾ ਲਾਜ਼ਮੀ ਗੱਲ ਹੈ ਜਦੋਂ ਕਿ ਗਰੀਨ ਪਾਰਟੀ ਦੀ ਨੇਤਾ ਨੇ ਕਿਹਾ ਕਿ ਫੈਡਰਲ, ਪ੍ਰੋਵਿੰਸ਼ੀਅਲ ਅਤੇ ਸਥਾਨਕ ਸਰਕਾਰਾਂ ਦੇ ਨੁਮਾਇੰਦਿਆਂ ਨੂੰ ਇੱਕ ਟੇਬਲ ਉੱਤੇ ਬੈਠ ਕੇ ਮਸਲਿਆਂ ਬਾਰੇ ਗੱਲ ਕਰਨੀ ਚਾਹੀਦੀ ਹੈ।

ਜੇ ਵੱਡੇ ਮੁੱਦਿਆਂ ਦੀ ਗੱਲ ਕੀਤੀ ਜਾਵੇ ਤਾਂ ਐਂਡਰੀਊ ਸ਼ੀਅਰ ਨੇ ਬੱਜਟ ਨੂੰ ਸਾਵਾਂ ਕਰਨ ਲਈ ਕੈਨੇਡਾ ਵੱਲੋਂ ਵਿਸ਼ਵ ਦੇ ਵੱਖ 2 ਹਿੱਸਿਆਂ ਵਿੱਚ ਦਿੱਤੀ ਜਾਣ ਵਾਲੀ ਕੈਨੇਡੀਅਨ ਸਹਾਇਤਾ ਨੂੰ 25% ਘੱਟ ਕਰਨ ਉੱਤੇ ਜੋਰ ਦਿੱਤਾ। ਜਗਮੀਤ ਸਿੰਘ ਨੇ ਵਾਰ 2 ਵੱਡੀਆਂ ਕਾਰਪੋਰੇਸ਼ਨਾਂ ਨੂੰ ਕਰੜੇ ਹੱਥੀਂ ਲੈਣ ਦੀ ਗੱਲ ਕੀਤੀ।

ਦਿਲਚਸਪ ਗੱਲ ਇਹ ਰਹੀ ਕਿ ਐਂਡਰੀਊ ਸ਼ੀਅਰ ਨੇ ਨਸਲੀ ਪੱਖਪਾਤ ਅਤੇ ਵਿਤਕਰੇ ਬਾਰੇ ਜਗਮੀਤ ਸਿੰਘ ਦੇ ਨਿੱਜੀ ਅਨੁਭਵਾਂ ਅਤੇ ਉਸਦੇ ਪ੍ਰਤੀਕਰਮਾਂ ਨੂੰ ਸਲਾਹੁਣ ਦੀ ਗੱਲ ਆਰੰਭੀ ਅਤੇ ਬਾਕੀ ਸਾਰੇ ਲੀਡਰਾਂ ਨੇ ਉਸਦੀ ਗੱਲ ਨਾਲ ਸਹਿਮਤੀ ਭਰੀ। ਜਗਮੀਤ ਸਿੰਘ ਲਈ ਸੱਭ ਤੋਂ ਔਖੇ ਪਲ ਸਨ ਜਦੋਂ ਉਸਨੂੰ ਕਿਊਬਿੱਕ ਵਿੱਚ ਲਾਗੂ ਬਿੱਲ 21 ਬਾਰੇ ਸਟੈਂਡ ਲੈਣ ਬਾਰੇ ਪੁੱਛਿਆ ਗਿਆ। ਜਗਮੀਤ ਸਿੰਘ ਚੰਗੇ ਤਰੀਕੇ ਸਪੱਸ਼ਟ ਨਹੀਂ ਕਰ ਸਕੇ ਕਿ ਜਿਸ ਪ੍ਰੋਵਿੰਸ ਵਿੱਚ ਦਸਤਾਰ ਪਹਿਨ ਕੇ ਨੌਕਰੀ ਕਰਨ ਉੱਤੇ ਪਾਬੰਦੀ ਹੈ ਉੱਥੇ ਉਹ ਕਿਊਬਿੱਕ ਵਿੱਚ ਬਿੱਲ 21 ਦਾ ਸਮਰੱਥਨ ਕਿਉਂ ਕਰਦਾ ਹੈ। ਸਿੱਧਾ ਜਵਾਬ ਦੇਣ ਦੀ ਥਾਂ ਜਗਮੀਤ ਸਿੰਘ ਨੇ ਔਰਤਾਂ ਨੂੰ ਗਰਭਪਾਤ ਕਰਵਾਉਣ ਦੇ ਹੱਕ ਮਜ਼ਬੂਤ ਕਰਨ ਦਾ ਜ਼ਿਕਰ ਕੀਤਾ।

ਗਰੀਨ ਪਾਰਟੀ ਦੀ ਆਗੂ ਵੱਲੋਂ ਹਰ ਸੁਆਲ ਦੇ ਜਵਾਬ ਵਿੱਚ ਆਪਣੇ ਵਿਰੋਧੀ ਲੀਡਰਾਂ ਵੱਲ ਘੱਟ ਧਿਆਨ ਦੇ ਕੇ ਦਰਸ਼ਕਾਂ ਨੂੰ ਸੰਬੋਧਨ ਕਰਕੇ ਗੱਲ ਕਰਨ ਦਾ ਰੁਝਾਨ ਵੇਖਿਆ ਗਿਆ। ਉਸਨੇ ਵਾਰ ਵਾਰ ਵਾਤਾਵਰਣ ਦੀ ਰਖਵਾਲੀ ਲਈ ਸਾਇੰਸ ਆਧਾਰਿਤ ਸਬੂਤਾਂ ਦੀ ਹਾਮੀ ਭਰੀ ਜਿਸਦਾ ਥੋੜਾ ਬਹੁਤਾ ਜ਼ਿਕਰ ਜਸਟਿਨ ਟਰੂਡੋ ਨੇ ਵੀ ਕੀਤਾ। ਟਰੂਡੋ ਨੂੰ ਸ਼ੀਅਰ ਨੇ ਐਸ ਐਨ ਸੀ ਲਾਵਾਲਿਨ ਅਤੇ ਵਿਲਸਨ ਜੋਡੀ ਦੇ ਅਸਤੀਫੇ ਉੱਤੇ ਚੰਗਾ ਘੇਰਿਆ ਗਿਆ ਜਿਸਦਾ ਟਰੂਡੋ ਨੇ ਕੋਈ ਸਿੱਧਾ ਜਵਾਬ ਨਹੀਂ ਦਿੱਤਾ।

ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਲੀਡਰ ਮੈਕਸਿਮ ਬਰਨੀਏ ਦੀ ਇੰਮੀਗਰੇਸ਼ਨ ਅਤੇ ਨਫ਼ਰਤ ਭਰੇ ਟਵੀਟ ਕਰਨ ਬਾਰੇ ਕਾਫੀ ਭਖਵੀਂ ਚਰਚਾ ਹੋਈ। ਮੈਕਸਿਮ ਬਰਨੀਏ ਤੋਂ ਇਲਾਵਾ ਸਾਰੇ ਲੀਡਰਾਂ ਨੇ ਇੰਮੀਗਰੇਸ਼ਨ ਨੂੰ ਚੰਗਾ ਦੱਸਿਆ ਪਰ ਕੋਈ ਵੀ ਇਹ ਗੱਲ ਸਪੱਸ਼ਟ ਨਹੀਂ ਕਰ ਸਕਿਆ ਕਿ ਉਹਨਾਂ ਦੀ ਪਾਰਟੀ ਦੀ ਇੰਮੀਗਰੇਸ਼ਨ ਨੂੰ ਲੈ ਕੇ ਪਾਲਸੀ ਕੀ ਹੋਵੇਗੀ? ਇਵੇਂ ਹੀ ਗੁਆਚੀਆਂ ਅਤੇ ਕਤਲ ਹੋਈਆਂ ਔਰਤਾਂ ਦਾ ਮੁੱਦਾ, ਮੂਲਵਾਸੀਆਂ ਲਈ ਸਹੂਲਤਾਂ, ਬੱਜਟ ਨੂੰ ਸਾਵਾਂ ਕਰਨ (ਲਿਬਰਲਾਂ ਦੇ ਘਾਟੇ ਦਾ ਬੱਜਟ) ਅਤੇ ਵਾਤਾਵਰਣ ਦੇ ਪਰੀਪੇਖ ਵਿੱਚ ਗੈਸ ਪਾਈਪਾਂ ਦੀ ਗੱਲ ਵਾਰ ਵਾਰ ਉਠਾਈ ਗਈ।

ਹੈਰਾਨੀ ਦੀ ਗੱਲ ਇਹ ਰਹੀ ਕਿ ਕਿਸੇ ਵੀ ਆਗੂ ਨੇ ਯੂਥ ਸਮੱਸਿਆ, ਬੇਰੁਜ਼ਗਾਰੀ, ਔਰਤਾਂ ਦੇ ਹੱਕਾਂ ਅਤੇ ਗਰੀਬੀ ਨੂੰ ਦੂਰ ਕਰਨ ਬਾਰੇ ਕਈ ਜ਼ਿਕਰਯੋਗ ਰਣਨੀਤੀ ਨਹੀਂ ਦੱਸੀ। ਸਮੁੱਚੀ ਡੀਬੇਟ ਵਿੱਚ ਲੀਡਰਾਂ ਦੀ ਮੁੱਦਿਆਂ ਨਾਲੋਂ ਆਪਣੀ ਨਿੱਜ ਦੀ ਪਹੁੰਚ ਭਾਰੂ ਰਹੀ। ਕੈਨੇਡੀਅਨ ਪਬਲਿਕ ਅਤੇ ਪਰਿਵਾਰਾਂ ਦੀ ਭਲਾਈ ਨੂੰ ਕੋਈ ਵੀ ਲੀਡਰ ਨਾ ਛੂਹ ਸਕਿਆ।

ਬਲਾਕ ਕਿਊਬਕੋਆ ਦੇ ਆਗੂ ਵੇਸ ਫਰੈਂਕੋਏ ਬਲਾਂਸ਼ੇ (Yves-François Blanchet) ਨੇ ਕਿਊਬਿੱਕ ਦੀ ਵਿਸ਼ੇਸ਼ ਪਹਿਚਾਣ ਅਤੇ ਕਿਊਬਿੱਕ ਨੂੰ ਫੈਡਰਲ ਸਰਕਾਰ ਤੋਂ ਮਿਲਦੇ ਘੱਟ ਡਾਲਰਾਂ ਦੀ ਗੁਹਾਰ ਵਾਰ ਵਾਰ ਕੀਤੀ।

ਮਜ਼ੇਦਾਰ ਗੱਲ ਇਹ ਰਹੀ ਕਿ ਡੀਬੇਟ ਨੂੰ ਕੈਨੇਡਾ ਦੇ ਟਾਪ ਦੇ 6 ਪੱਤਰਕਾਰਾਂ ਵੱਲੋਂ ਮਾਡਰੇਟ ਕੀਤਾ ਗਿਆ ਅਤੇ ਇਹ ਸਾਰੀਆਂ ਔਰਤਾਂ ਸਨ। ਡੀਬੇਟ ਦੌਰਾਨ ਅਨੇਕਾਂ ਪਲ ਅਜਿਹੇ ਆਏ ਜਦੋਂ ਅਜਿਹੀ ਕਾਵਾਂਰੌਲੀ ਪੈ ਜਾਂਦੀ ਸੀ ਕਿ ਕਿਸੇ ਦੀ ਗੱਲ ਕੰਨ ਪਾਈ ਸੁਣਾਈ ਨਹੀਂ ਸੀ ਦੇਂਦੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਬਹਿਸ ਵਿੱਚ ਆਗੂਆਂ ਨੇ ਨੀਤੀਆਂ ਬਾਰੇ ਘੱਟ ਗੱਲ ਕੀਤੀ, ਇੱਕ ਦੂਜੇ ਉੱਤੇ ਹਮਲੇ ਵੱਧ ਕੀਤੇ

ਓਟਵਾ, 7 ਅਕਤੂਬਰ (ਪੋਸਟ ਬਿਊਰੋ) : ਅੰਗਰੇਜ਼ੀ ਭਾਸ਼ਾ ਦੀ ਪਹਿਲੀ ਰਸਮੀ ਬਹਿਸ ਵਿੱਚ ਛੇ ਫੈਡਰਲ ਪਾਰਟੀ ਆਗੂਆਂ ਵੱਲੋਂ ਆਪਣੀਆਂ ਨੀਤੀਆਂ ਬਾਰੇ ਘੱਟ ਗੱਲ ਕੀਤੀ ਗਈ ਸਗੋਂ ਇੱਕ ਦੂਜੇ ਉੱਤੇ ਤਿੱਖੇ ਹਮਲੇ ਵਧੇਰੇ ਕੀਤੇ ਗਏ।



ਇਸ ਬਹਿਸ ਦੌਰਾਨ ਜਿਹੜੇ ਮੁੱਖ ਮੁੱਦੇ ਸਾਹਮਣੇ ਆਏ ਉਨ੍ਹਾਂ ਵਿੱਚ ਕਿਫਾਇਤੀ ਰਿਹਾਇਸ਼,ਆਰਥਿਕ ਅਸੁਰੱਖਿਆ, ਐਲਵਾਇਰਮੈਂਟ ਤੇ ਊਰਜਾ, ਮੂਲਵਾਸੀਆਂ ਦੇ ਮੁੱਦੇ, ਕੈਨੇਡਾ ਵਿੱਚ ਲੀਡਰਸ਼ਿਪ,ਮਨੁੱਖੀ ਅਧਿਕਾਰ ਤੇ ਇਮੀਗ੍ਰੇਸ਼ਨ ਆਦਿ ਸ਼ਾਮਲ ਸਨ। ਲਿਬਰਲ ਆਗੂ ਜਸਟਿਨ ਟਰੂਡੋ ਨੂੰ ਹੋਰਨਾਂ ਪਾਰਟੀਆਂ ਦੇ ਆਗੂਆਂ ਵੱਲੋਂ ਸੱਜੇ ਖੱਬੇ ਤੋਂ ਵੱਖ ਵੱਖ ਤਰ੍ਹਾਂ ਦੇ ਸਵਾਲਾਂ ਨਾਲ ਘੇਰਾ ਪਾਇਆ ਗਿਆ। ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈੱਥ ਮੇਅ ਨੇ ਆਖਿਆ ਕਿ ਤੁਹਾਡੇ ਵੱਲੋਂ ਪੇਸ ਕੀਤਾ ਜਾ ਰਿਹਾ ਕਲਾਈਮੇਟ ਪਲੈਨ ਸਹੀ ਨਹੀਂ ਹੈ। ਉਨ੍ਹਾਂ ਮਿਸਾਲ ਦਿੰਦਿਆ ਆਖਿਆ ਕਿ ਜੇ ਚਾਰ ਮੰਜ਼ਿਲਾ ਇਮਾਰਤ ਵਿੱਚ ਅੱਗ ਲੱਗੀ ਹੋਵੇ ਤਾਂ ਇੱਕ ਮੰਜ਼ਿਲ ਤੱਕ ਜਾਣ ਵਾਲੀ ਪੌੜੀ ਨਾਲ ਉਸ ਉੱਤੇ ਕਾਬੂ ਨਹੀਂ ਪਾਇਆ ਜਾ ਸਕਦਾ।

ਇਸ ਮੌਕੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਆਖਿਆ ਕਿ ਟਰੂਡੋ ਵਾਰੀ ਵਾਰੀ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੀ ਗੱਲ ਕਰਦੇ ਰਹਿੰਦੇ ਹਨ ਜਿਸ ਨਾਲ ਲੱਗਦਾ ਹੈ ਕਿ ਉਹ ਪ੍ਰੋਵਿੰਸ਼ੀਅਲ ਸਿਆਸਤ ਤੋਂ ਬਹੁਦ ਪ੍ਰਭਾਵਿਤ ਹਨ। ਉਨ੍ਹਾਂ ਚੋਭ ਕੱਸਦਿਆਂ ਆਖਿਆ ਕਿ ਜੇ ਤੁਸੀਂ ਓਨਟਾਰੀਓ ਲਿਬਰਲ ਲੀਡਰਸ਼ਿਪ ਲਈ ਮੈਦਾਨ ਵਿੱਚ ਨਿੱਤਰਨਾ ਚਾਹੁੰਦੇ ਹੋਂ ਤਾਂ ਉਹ ਰਾਹ ਵੀ ਖੁੱਲ੍ਹਿਆ ਹੋਇਆ ਹੈ। ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਟਰੂਡੋ ਦੀ ਬੋਲ ਬਾਣੀ ਚੰਗੀ ਹੈ ਪਰ ਉਨ੍ਹਾਂ ਰਾਜ ਕੰਜ਼ਰਵੇਟਿਵਾਂ ਵਾਂਗ ਹੀ ਕੀਤਾ ਹੈ।

ਦੁਨੀਆਂ ਵਿੱਚ ਕੈਨੇਡਾ ਦੀ ਕੀ ਭੂਮਿਕਾ ਹੈ ਵਿਸੇ ਉੱਤੇ ਪੁੱਛੇ ਸਵਾਲ ਨੂੰ ਗੋਲ ਕਰਦਿਆਂ ਸ਼ੀਅਰ ਨੇ ਆਖਿਆ ਕਿ ਟਰੂਡੋ ਨੂੰ ਤਾਂ ਇਹ ਚੇਤਾ ਵੀ ਨਹੀਂ ਹੋਵੇਗਾ ਕਿ ਉਨ੍ਹਾਂ ਕਿੰਨੀ ਵਾਰੀ ਬਲੈਕਫੇਸ ਧਾਰਨ ਕੀਤਾ। ਉਨ੍ਹਾਂ ਆਖਿਆ ਕਿ ਟਰੂਡੋ ਹਮੇਸ਼ਾਂ ਮਖੌਟਾ ਪਾ ਕੇ ਹੀ ਰੱਖਦੇ ਹਨ। ਇਸ ਦੌਰਾਨ ਟਰੂਡੋ ਨੇ ਪੀਪਲਜ਼ ਪਾਰਟੀ ਦੇ ਆਗੂ ਮੈਕਸਿਮ ਬਰਨੀਅਰ ਨਾਲ ਗੱਲ ਕਰਦਿਆਂ ਆਖਿਆ ਕਿ ਜੋ ਕੁੱਝ ਵੀ ਸ਼ੀਅਰ ਪ੍ਰਾਈਵੇਟ ਤੌਰ ਉੱਤੇ ਸੋਚਦੇ ਹਨ ਉਸ ਨੂੰ ਤੁਹਾਡੇ ਵੱਲੋਂ ਜਨਤਕ ਤੌਰ ਉੱਤੇ ਬਿਆਨ ਕਰਨ ਦਾ ਸਮਾਂ ਆ ਗਿਆ ਹੈ। ਇਸ ਬਹਿਸ ਦੌਰਾਨ ਕਿਊਬਿਕ ਦੇ ਬਿੱਲ 21 ਉੱਤੇ ਵੀ ਬਹਿਸ ਹੋਈ। ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਇਸ ਬਿੱਲ ਵਿੱਚ ਲੋਕਾਂ ਨੂੰ ਇਹ ਦੱਸਿਆ ਗਿਆ ਹੈ ਕਿ ਜਿਹੋ ਜਿਹੇ ਉਹ ਨਜ਼ਰ ਆਉਂਦੇ ਹਨ ਉਸ ਹਿਸਾਬ ਨਾਲ ਉਹ ਕੰਮ ਨਹੀਂ ਕਰ ਸਕਦੇ। ਇਸ ਉੱਤੇ ਤਨਜ ਕੱਸਦਿਆਂ ਟਰੂਡੋ ਨੇ ਆਖਿਆ ਕਿ ਤੁਸੀਂ ਇਸ ਖਿਲਾਫ ਆਵਾਜ਼ ਕਿਉਂ ਨਹੀਂ ਉਠਾਉਂਦੇ?

ਇਸ ਬਹਿਸ ਵਿੱਚ ਸਿਰਫ ਜਗਮੀਤ ਸਿੰਘ ਹੀ ਥੋੜ੍ਹੇ ਸਹਿਜ ਨਜ਼ਰ ਆਏ। ਉਨ੍ਹਾਂ ਥੋੜ੍ਹਾ ਬਹੁਤ ਮਜ਼ਾਕ ਵੀ ਕੀਤਾ। ਗਲਤੀ ਨਾਲ ਟਰੂਡੋ ਤੇ ਮਾਡਰੇਟਰ ਡਾਅਨਾ ਫਰੀਜ਼ਨ ਨੇ ਜਦੋਂ ਉਨ੍ਹਾਂ ਨੂੰ ਸ਼ੀਅਰ ਆਖ ਦਿੱਤਾ ਤਾਂ ਉਨ੍ਹਾਂ ਆਖਿਆ ਕਿ ਇਸੇ ਲਈ ਤਾਂ ਉਹ ਆਪਣੀ ਖੱਟੇ ਰੰਗ ਦੀ ਪੱਗ ਬੰਨ੍ਹ ਕੇ ਆਏ ਹਨ ਕਿ ਕੋਈ ਭੁਲੇਖਾ ਨਾ ਪਵੇ ਪਰ ਫਿਰ ਵੀ ਗੜਬੜ ਹੋ ਰਹੀ ਹੈ।

ਕਈ ਵਾਰੀ ਤਾਂ ਬਹਿਸ ਵਿੱਚ ਫੌਰਮੈਟ ਪਿੱਛੇ ਹੀ ਰਹਿ ਗਿਆ ਤੇ ਬਹਿਸ ਲੀਹ ਤੋਂ ਹੇਠਾਂ ਵੀ ਉਤਰੀ। ਇਸ ਬਹਿਸ ਲਈ ਆਗੂਆਂ ਤੋਂ ਪੁੱਛੇ ਜਾਣ ਵਾਸਤੇ ਕੈਨੇਡਾ ਭਰ ਤੋਂ 9000 ਪ੍ਰਸਨ ਆਏ ਸਨ ਤੇ ਛੇਆਂ ਆਗੂਆਂ ਨੂੰ ਹਰ ਸਵਾਲ ਵਾਸਤੇ ਬੋਲਣ ਲਈ ਇੱਕ ਮਿੰਟ ਜਾਂ ਉਸ ਤੋਂ ਵੀ ਘੱਟ ਦਾ ਸਮਾਂ ਦਿੱਤਾ ਗਿਆ।

## ਲਿਬਰਲਾਂ ਤੇ ਕੰਜ਼ਰਵੇਟਿਵਾਂ ਦਰਮਿਆਨ ਚੱਲ ਰਿਹਾ ਹੈ ਫਸਵਾਂ ਮੁਕਾਬਲਾ : ਨੈਨੋਜ਼

...ਪੰਨਾ 1 ਦਾ ਬਾਕੀ

50 ਸਾਲ ਦੇ ਉਮਰ ਵਰਗ ਦੇ ਲੋਕਾਂ ਦਾ ਝੁਕਾਅ ਬਹੁਤਾ ਕੰਜ਼ਰਵੇਟਿਵਾਂ ਵੱਲ ਹੈ, ਇਨ੍ਹਾਂ ਵੱਲੋਂ ਕੰਜ਼ਰਵੇਟਿਵਾਂ ਨੂੰ ਜੇ 39 ਫੀ ਸਦੀ ਸਮਰਥਨ ਦਿੱਤਾ ਜਾ ਰਿਹਾ ਹੈ ਤਾਂ ਲਿਬਰਲਾਂ ਨੂੰ 35 ਫੀ ਸਦੀ ਸਮਰਥਨ ਦਿੱਤਾ ਜਾ ਰਿਹਾ ਹੈ। 60 ਸਾਲ ਤੇ ਇਸ ਤੋਂ ਵੱਧ ਉਮਰ ਵਰਗ ਦੇ ਲੋਕਾਂ ਵੱਲੋਂ ਦੋਵਾਂ ਪਾਰਟੀਆਂ ਨੂੰ ਦਿੱਤਾ ਜਾਣ ਵਾਲਾ ਸਮਰਥਨ 37 ਫੀ ਸਦੀ ਹੈ ਤੇ ਇੱਥੇ ਵੀ ਟਾਈ ਪੈ ਰਹੀ ਹੈ। ਕੁੱਲ ਮਿਲਾ ਕੇ ਨੌਜਵਾਨ ਵੋਟਰਾਂ ਵੱਲੋਂ ਅਜੇ ਵੀ ਪ੍ਰੋਗਰੈਸਿਵ ਪਾਰਟੀਆਂ ਨੂੰ ਹੀ ਤਰਜੀਹ ਦਿੱਤੀ ਜਾਂਦੀ ਹੈ ਪਰ ਨੈਨੋਜ਼ ਰਿਸਰਚ ਨੇ ਪਾਇਆ ਕਿ ਉਮਰ ਵੱਧਣ ਦੇ ਹਿਸਾਬ ਨਾਲ ਐਨਡੀਪੀ ਤੇ ਗ੍ਰੀਨ ਪਾਰਟੀ ਨੂੰ ਮਿਲਣ ਵਾਲੇ ਸਮਰਥਨ ਵਿੱਚ ਗਿਰਾਵਟ ਵੇਖਣ ਨੂੰ ਮਿਲੀ ਹੈ।


ਨੈਨੋਜ਼ ਰਿਸਰਚ ਵੱਲੋਂ ਪਾਇਆ ਗਿਆ ਕਿ ਲਿਬਰਲਾਂ ਨੂੰ ਮਿਲਣ ਵਾਲਾ ਸਮਰਥਨ, ਜੋ ਕਿ ਪਹਿਲਾਂ 37 ਫੀ ਸਦੀ ਸੀ, ਹੁਣ 34 ਫੀ ਸਦੀ ਰਹਿ ਗਿਆ ਹੈ ਜਦਕਿ ਕੰਜ਼ਰਵੇਟਿਵਾਂ ਨੂੰ ਲਗਾਤਾਰ ਤੀਜੇ ਦਿਨ ਵੀ 33 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਐਨਡੀਪੀ ਨੂੰ 15 ਫੀ ਸਦੀ ਤੇ ਗ੍ਰੀਨ ਪਾਰਟੀ ਨੂੰ 10 ਫੀ ਸਦੀ ਸਮਰਥਨ ਮਿਲ ਰਿਹਾ ਹੈ। ਬਲਾਕ ਕਿਊਬਿਕੁਆ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ 5 ਫੀ ਸਦੀ ਹੈ ਤੇ ਪੀਪਲਜ਼ ਪਾਰਟੀ ਨੂੰ 2 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ।

## ਏ ਟੀ ਐੱਮ ਤੋੜਨ ਦਾ ਯਤਨ ਕਰਦਾ ਨੌਜਵਾਨ ਫੜ੍ਹਿਆ ਗਿਆ

ਝਬਾਲ, 7 ਅਕਤੂਬਰ (ਪੋਸਟ ਬਿਊਰੋ)- ਕਸਬਾ ਝਬਾਲ ਵਿੱਚ ਦੇਰ ਰਾਤ ਐਕਸਿਸ ਬੈਂਕ ਦੇ ਏ ਟੀ ਐੱਮ ਨੂੰ ਗੈਸ ਕਟਰ ਦੀ ਮਦਦ ਨਾਲ ਤੋੜਨ ਦਾ ਯਤਨ ਕਰਦੇ ਇੱਕ ਨੌਜਵਾਨ ਨੂੰ ਪੁਲਸ ਨੇ ਰੰਗੇ ਹੱਥੀਂ ਫੜਿਆ ਹੈ। ਪੁਲਸ ਨੇ ਇਹ ਕਾਰਵਾਈ ਰਾਤ ਸਮੇਂ ਮਿਲੀ ਸੂਚਨਾ ਦੇ ਆਧਾਰ ਉੱਤੇ ਕੀਤੀ, ਜਿਸ ਕਾਰਨ ਲੁੱਟ ਹੋਣ ਤੋਂ ਬਚਾਅ ਹੋ ਗਿਆ। ਸ਼ਨੀਵਾਰ ਅੱਧੀ ਰਾਤ ਕਸਬਾ ਝਬਾਲ ਵਿਚਲੇ ਐਕਸਿਸ ਬੈਂਕ ਦੇ ਏ ਟੀ ਐੱਮ ਨੂੰ ਇੱਕ ਨੌਜਵਾਨ ਵੱਲੋਂ ਤੋੜੇ ਜਾਣ ਦੀ ਸੂਚਨਾ ਥਾਣਾ ਝਬਾਲ ਦੀ ਪੁਲਸ ਨੂੰ ਮਿਲੀ ਤਾਂ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਗੈਸ ਕਟਰ ਦੀ ਮਦਦ ਨਾਲ ਏ ਟੀ ਐੱਮ ਖੋਲ੍ਹਣ ਦਾ ਯਤਨ ਕਰ ਰਹੇ ਨੌਜਵਾਨ ਨੂੰ ਕਾਬੂ ਕਰ ਲਿਆ। ਮੌਕੇ 'ਤੇ ਵਰਤਿਆ ਜਾ ਰਿਹਾ ਸਾਮਾਨ ਵੀ ਪੁਲਸ ਨੇ ਕਬਜ਼ੇ ਵਿੱਚ ਲੈ ਲਿਆ ਹੈ। ਥਾਣਾ ਝਬਾਲ ਦੇ ਮੁਖੀ ਇੰਸਪੈਕਟਰ ਪ੍ਰਭਜੀਤ ਸਿੰਘ ਨੇ ਦੱਸਿਆ ਕਿ ਬੈਂਕ ਦਾ ਏ ਟੀ ਐੱਮ ਤੋੜਨ ਦਾ ਯਤਨ ਕਰਨ ਵਾਲੇ ਨੌਜਵਾਨ ਦੀ ਪਛਾਣ ਗੁਰਲਾਲ ਸਿੰਘ ਪੁੱਤਰ ਕਰਨੈਲ ਸਿੰਘ ਪਿੰਡ ਰੱਤੋਕੇ (ਥਾਣਾ ਵਲਟੋਹਾ) ਵਜੋਂ ਹੋਈ ਹੈ। ਮੌਕੇ ਤੋਂ ਬਜਾਜ ਚੇਤਕ ਸਕੂਟਰ ਵੀ ਮਿਲਿਆ ਹੈ, ਜਿਸ 'ਤੇ ਲੱਦ ਕੇ ਇਹ ਨੌਜਵਾਨ ਗੈਸ ਸਿਲੰਡਰ ਤੇ ਹੋਰ ਸਾਮਾਨ ਲਿਆਇਆ ਸੀ। ਮੁਲਜ਼ਮ ਵਿਰੁੱਧ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## People's Party tackles affordable housing head-on

Canada has a housing-affordability crisis. In cities across the country, ordinary Canadians cannot afford to buy the houses to raise their growing families. Past governments have made the problem of Affordable Housing progressively worse In 2018 alone, there were 37,000 new apartments built nationwide, but demand increased by 50,000 units, according to tracking done by the CMHC.With shortages like this, it's no wonder that Canadians regularly report in polling that they are in a financial squeeze



Past Federal governments have done little to solve the long-term structural problems of the rising costs of housing. One of the fundamental barriers to Affordable Housing is disposable income. Out of 61 Canadian and US jurisdictions, 9 Canadian provinces are amongst top 10 jurisdictions with the highest marginal tax rates. Not only are our taxes difficult to calculate, they are too high and discourage businesses to invest in creating new jobs.

The People's Party will tackle affordable housing head on by ensuring there is no tax on income up to $15k per year, 15% income tax on income between $15K and $100K per year, 25% income tax on income over $100K year.

This plan will put more money in your pocket.That money can be used to ease the burden of high housing costs.

Not Left… Not Right… it is now time to MOVE FORWARD.

For more information:
Baljit Bawa campaign office
Email: elect@baljitbawa.ca
Telephone: 416-846-0295

## ਹੈਮਿਲਟਨ ਹਾਈ ਸਕੂਲ ਦੇ ਬਾਹਰ ਹੋਏ ਹਮਲੇ 'ਚ ਟੀਨੇਜਰ ਦੀ ਹੋਈ ਮੌਤ

...ਪੰਨਾ 1 ਦਾ ਬਾਕੀ

ਪੁਲਿਸ ਨੇ ਦੱਸਿਆ ਕਿ ਦੂਜਾ ਮਸ਼ਕੂਕ ਗੋਰੇ ਰੰਗ ਦਾ ਟੀਨੇਜ ਲੜਕਾ ਹੈ ਜਿਸ ਨੇ ਚਿੱਟੇ ਰੰਗ ਦੇ ਜੁੱਤੇ, ਗੂੜ੍ਹੇ ਰੰਗ ਦੀ ਪੈਂਟ, ਗ੍ਰੇਅ ਰੰਗ ਦੀ ਲੰਮੀਆਂ ਬਾਹਾਂ ਵਾਲੀ ਸ਼ਰਟ ਤੇ ਕਾਲੇ ਰੰਗ ਦਾ ਬੈਕਪੈਕ ਪਾਇਆ ਹੋਇਆ ਸੀ। ਪੁਲਿਸ ਨੇ ਆਖਿਆ ਕਿ ਉਨ੍ਹਾਂ ਕੋਲ ਘਟਨਾ ਦੀ ਸਾਰੀ ਵੀਡੀਓ ਵੀ ਹੈ ਤੇ ਉਨ੍ਹਾਂ ਮਸ਼ਕੂਕਾਂ ਨੂੰ ਆਤਮ-ਸਮਰਪਣ ਕਰਨ ਲਈ ਵੀ ਆਖਿਆ ਹੈ। ਅਜੇ ਤੱਕ ਕੋਈ ਚਾਰਜਿਜ਼ ਨਹੀਂ ਲਾਏ ਗਏ ਹਨ। ਸੋਮਵਾਰ ਰਾਤ ਨੂੰ ਜਾਂਚਕਾਰਾਂ ਨੇ ਦੱਸਿਆ ਕਿ ਮ੍ਰਿਤਕ ਤੇ ਮਸ਼ਕੂਕਾਂ ਵਿੱਚ ਰਿਸ਼ਤਾ ਸੀ ਪਰ ਇਹ ਰਿਸ਼ਤਾ ਕਿਹੋ ਜਿਹਾ ਸੀ ਇਸ ਬਾਰੇ ਉਹ ਕੋਈ ਵੇਰਵਾ ਮੁਹੱਈਆ ਨਹੀਂ ਕਰਵਾ ਸਕੇ। ਇਸ ਇਲਾਕੇ ਦੇ ਕਈ ਸਕੂਲਾਂ ਤੇ ਡੇਅਕੇਅਰਜ਼ ਨੂੰ ਥੋੜ੍ਹੀ ਦੇਰ ਲਈ ਹੋਲਡ ਤੇ ਸਕਿਓਰ ਆਰਡਰ ਤਹਿਤ ਰੱਖਿਆ ਗਿਆ ਹੈ ਕਿਉਂਕਿ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਸਥਾਨਕ ਵਾਸੀਆਂ ਨੂੰ ਇਲਾਕੇ ਤੋਂ ਦੂਰ ਰਹਿਣ ਲਈ ਆਖਿਆ ਗਿਆ ਹੈ। ਜਾਂਚਕਾਰਾਂ ਦਾ ਕਹਿਣਾ ਹੈ ਕਿ ਉਹ ਇਸ ਇਲਾਕੇ ਵਿੱਚ ਅਜੇ ਵੀ ਸਬੂਤਾਂ ਦੀ ਭਾਲ ਕਰ ਰਹੇ ਹਨ। ਉਨ੍ਹਾਂ ਨੂੰ ਅਜਿਹੇ ਚਾਕੂ ਦੀ ਵੀ ਤਲਾਸ਼ ਹੈ ਜਿਹੜਾ ਇਸ ਘਟਨਾ ਵਿੱਚ ਵਰਤਿਆ ਗਿਆ ਹੋਵੇ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਘਟਨਾ ਵਾਲੀ ਥਾਂ ਦੇ ਨੇੜੇ ਇੱਕ ਪੈਪਰ ਸਪਰੇਅ ਕੈਨ ਮਿਲਿਆ ਹੈ। ਪੁਲਿਸ ਵੱਲੋਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਇਸ ਇਲਾਕੇ ਵਿੱਚ ਕੋਈ ਸਬੂਤ ਮਿਲਦਾ ਹੈ ਤਾਂ ਉਸ ਨੂੰ ਨਾ ਛੂਹਣ ਤੇ ਉਸੇ ਸਮੇਂ ਜਾਂਚਕਾਰਾਂ ਨੂੰ ਸੱਦਿਆ ਜਾਵੇ।

























6 ਅਕਤੂਬਰ 2019

# ਅਮਰੀਕਾ ਵਿਚ ਇਤਿਹਾਸ ਰਚ ਕੇ ਵਿਦਾ ਹੋਇਆ ਸੰਦੀਪ ਸਿੰਘ ਧਾਲੀਵਾਲ

ਡਾ. ਚਰਨਜੀਤ ਸਿੰਘ ਗੁਮਟਾਲਾ,
001 9375739812



ਅਮਰੀਕਾ ਦੇ ਟੈਕਸਸ ਸੂਬੇ ਵਿੱਚ ਬੀਤੇ 27 ਸਤੰਬਰ 2019 ਨੂੰ ਹੈਰਿਸ ਕਾਉਂਟੀ ਦੇ ਡਿਪਟੀ ਸ਼ੈਰਿਫ ਸੰਦੀਪ ਸਿੰਘ

ਧਾਲੀਵਾਲ (42) ਨੂੰ ਇੱਕ ਸਿਰਫਿਰੇ ਸਪੈਨਿਸ਼ ਮੂਲ ਦੇ ਰਾਬਰਟ ਸਾਲਸ (47) ਨਾਮੀ ਵਿਅਕਤੀ ਵੱਲੋਂ ਸ਼ਹੀਦ ਕਰਨ ‘ਤੇ ਪੂਰੇ ਅਮਰੀਕਾ ਵਿੱਚ ਸੋਗ ਦੀ ਲਹਿਰ ਦੌੜ ਗਈ। ਉਹ ਅਮਰੀਕਾ ਵਿੱਚ ਪਹਿਲੇ ਪਗੜੀ ਧਾਰੀ ਸਿੱਖ ਪੁਲਿਸ ਅਫ਼ਸਰ ਹਨ ਜਿਨ੍ਹਾਂ ਨੂੰ ਡਿਊਟੀ ਸਮੇਂ ਗੋਲੀ ਮਾਰਕੇ ਸ਼ਹੀਦ ਕੀਤਾ ਗਿਆ। ਉਨ੍ਹਾਂ ਨੇ ਕਾਰ ਨੂੰ ਰੋਕ ਕੇ ਜਦ ਚੈਕਿੰਗ ਕੀਤੀ ਤਾਂ ਉਹ ਉਸ ਦੇ ਕਾਗ਼ਜਾਤ ਚੈੱਕ ਕਰਨ ਲਈ ਜਦ ਉਹ ਆਪਣੀ ਕਾਰ ਵੱਲ ਚਲੇ ਤਾਂ ਕਾਤਲ ਨੇ ਆਪਣੀ ਕਾਰ ਵਿੱਚੋਂ ਬਾਹਰ ਆ ਕੇ ਉਨ੍ਹਾਂ ਨੂੰ ਪਿੱਛੋਂ ਸਿਰ ਤੇ ਗਰਦਨ ਵਿਚ ਗੋਲੀਆਂ ਮਾਰੀਆਂ ਤੇ ਉਸ ਨੂੰ ਆਪਣਾ ਬਚਾਅ ਕਰਨ ਦਾ ਮੌਕਾ ਹੀ ਨਾ ਦਿੱਤਾ, ਜਿਸ ਨਾਲ ਉਹ ਜ਼ਮੀਨ ‘ਤੇ ਡਿੱਗ ਪਏ। ਉਨ੍ਹਾਂ ਨੂੰ ਹੈਲੀਕਾਪਟਰ ਰਾਹੀਂ ਸਥਾਨਕ ਹਸਪਤਾਲ ਲੈ ਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਪਾਇਆ।

ਕਾਤਲ ਜੋ ਕਿ ਪਹਿਲਾਂ ਹੀ ਕਈ ਜ਼ੁਰਮਾਂ ਵਿੱਚ ਜੇਲ ਵਿੱਚ ਸਜ਼ਾ ਭੁਗਤ ਰਿਹਾ ਸੀ ਪੈਰੋਲ ‘ਤੇ ਆਇਆ ਹੋਇਆ ਸੀ। ਪੈਰੋਲ ਖ਼ਤਮ ਹੋਣ ਦੇ ਬਾਵਜੂਦ ਉਹ ਵਾਪਿਸ ਜੇਲ ਨਹੀਂ ਗਿਆ ਸੀ ਤੇ ਪੁਲੀਸ ਨੂੰ ਉਸ ਦੀ ਤਲਾਛ ਸੀ।

ਉਸ ਦੇ ਨਾਲ ਉਸ ਦੀ ਇੱਕ ਦੋਸਤ ਲੜਕੀ ਸੀ। ਉਨ੍ਹਾਂ ਦੋਵਾਂ ਨੂੰ ਗ੍ਰਿਫ਼ਤਾਰ ਕਰਕੇ ਜਦ ਸੋਮਵਾਰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਅਦਾਲਤ ਵਿੱਚ ਸੁਣਵਾਈ ਦੌਰਾਨ ਪ੍ਰੋਸੀਕਿਊਟਰ ਕੈਟੀ ਵਾਰੇਨ ਨੇ ਕਿਹਾ ਕਿ ਸੰਦੀਪ ਸਿੰਘ ਧਾਲੀਵਾਲ ਦੇ ਮਾਰੇ ਜਾਣ ਕਰਕੇ ਉਸ ਦੀ ਪਤਨੀ ਵਿਧਵਾ ਹੋ ਗਈ ਹੈ ਤੇ ਤਿੰਨ ਬੱਚਿਆਂ ਦੇ ਸਿਰ ਤੋਂ ਬਾਪ ਦਾ ਸਾਇਆ ਉੱਠ ਗਿਆ ਹੈ। ਮਾਨਯੋਗ ਜੱਜ ਕ੍ਰਿਸ ਮੋਰਟਿਨ ਨੇ ਉਸ ਨੂੰ ਬਿਨਾਂ ਜ਼ਮਾਨਤ ਤੋਂ ਹਿਰਾਸਤ ਵਿੱਚ ਰੱਖਣ ਦੇ ਹੁਕਮ ਦਿੱਤੇ ਅਤੇ ਕਿਹਾ ਕਿ ਉਸ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ।ਕਾਤਲ ਨੂੰ ਜਦ ਕਤਲ ਕਰਨ ਦਾ ਕਾਰਨ ਪੁਛਿਆ ਗਿਆ ਤਾਂ ਉਸ ਨੇ ਕਿਹਾ ਕਿ ਉਹ ਪਹਿਲਾਂ ਹੀ ਭਗੌੜਾ ਹੈ ਤੇ ਇਸ ਪੁਲਿਸ ਅਫ਼ਸਰ ਨੇ ਉਸ ਨੂੰ ਮੁੜ ਜੇਲ ਭੇਜ ਦੇਣਾ ਸੀ, ਪਰ ਉਹ ਮੁੜ ਜੇਲ ਨਹੀਂ ਜਾਣਾ ਚਾਹੁੰਦਾ ,ਇਸ ਲਈ ਉਸ ਨੇ ਇਹ ਕਾਰਾ ਕੀਤਾ। ਪੁਲਿਸ ਨੇ ਉਸ ਪਾਸੋਂ ਵਰਤੀ ਗਈ 45 ਕੈਲੀਬਰ ਸੈਮੀ ਆਟੋਮੈਟਿਕ ਗਨ ਪ੍ਰਾਪਤ ਕਰ ਲਈ ਹੈ।

ਸੰਦੀਪ ਸਿੰਘ ਧਾਲੀਵਾਲ ਦਾ ਜਨਮ ਸ.ਪਿਆਰਾ ਸਿੰਘ ਸੇਵਾ ਮੁਕਤ ਫੌਜੀ ਦੇ ਗ੍ਰਹਿ ਪਿੰਡ ਧਾਲੀਵਾਲ ਜ਼ਿਲ੍ਹਾ ਕਪੂਰਥਲਾ ਵਿੱਚ ਮਾਤਾ ਸੁਰਿੰਦਰ ਕੌਰ ਦੀ ਕੁੱਖੋਂ ਹੋਇਆ। ਉਹ ਆਪਣੇ ਪਿੱਛੇ ਦੋ ਬੇਟੀਆਂ ਉਮਰ 13 ਸਾਲ ਅਤੇ 10 ਸਾਲ ਅਤੇ ਬੇਟਾ ਉਮਰ 5 ਸਾਲ ਤੇ ਪਤਨੀ ਤੇ ਪਿਤਾ ਛੱਡ ਗਏ ਹਨ। ਉਨ੍ਹਾਂ ਦੀ ਮਾਤਾ ਦਾ ਸਾਲ ਕੁ ਪਹਿਲਾ ਦਿਹਾਂਤ ਹੋ ਗਿਆ ਸੀ । ਉਹ 25 ਕੁ ਸਾਲ ਪਹਿਲਾਂ ਅਮਰੀਕਾ ਆਏ। ਇੱਥੇ ਆ ਕੇ ਉਹ ਸਭਿਆਚਾਰਿਕ ਪ੍ਰੋਗਰਾਮਾਂ ਵਿੱਚ ਭੰਗੜੇ ਦੇ ਜੌਹਰ ਵਿਖਾਉਣ ਕਰਕੇ ਬੜੇ ਹਰਮਨ ਪਿਆਰੇ ਹੋ ਗਏ।

ਪੁਲਿਸ ਵਿੱਚ ਭਰਤੀ ਹੋਣਾ ਸੁਭਾਵਕ ਨਹੀਂ ਸੀ। ਸੀ ਐਨ ਐਨ ਨੂੰ ਇਸ ਸੰਬੰਧੀ ਜਾਣਕਾਰੀ ਦੇਂਦੇ ਹੋਏ ਉਨ੍ਹਾਂ ਦੇ ਪਿਤਾ ਸ. ਪਿਆਰਾ ਸਿੰਘ ਧਾਲੀਵਾਲ ਨੇ ਮੰਗਲਵਾਰ ਨੂੰ ਦੱਸਿਆ ਕਿ 2008 ਦੀ ਗੱਲ ਹੈ ਕਿ ਸੰਦੀਪ ਸਿੰਘ ਗੁਰਦੁਆਰੇ ਬੈਠਾ ਸੀ ਕਿ ਇੱਕ ਘਟਨਾ ਵਾਪਰੀ ਜਿਸ ਵਿਚ ਇੱਕ ਸਿੱਖ ਪਰਿਵਾਰ ਦੇ ਘਰ ਚੋਰੀ ਹੋ ਗਈ। ਜਦ ਪ੍ਰਵਾਰ ਨੇ ਪੁਲਿਸ ਨੂੰ ਆਪਣੀ ਸਹਾਇਤਾ ਲਈ ਸੱਦਿਆ ਤਾਂ ਪੁਲਿਸ ਨੇ ਉਲਟਾ ਪ੍ਰਵਾਰ ਵਿਰੁੱਧ ਕੇਸ ਦਰਜ ਕਰ ਦਿੱਤਾ। ਅਸਲ ਵਿੱਚ ਪ੍ਰਵਾਰ ਦੇ ਮੁੱਖੀ ਨੇ ਕ੍ਰਿਪਾਨ ਪਾਈ ਹੋਈ ਸੀ ਤੇ ਪੁਲਿਸ ਨੂੰ ਨਹੀਂ ਸੀ ਪਤਾ ਕਿ ਅੰਮ੍ਰਿਤਧਾਰੀ ਸਿੱਖ





ਕ੍ਰਿਪਾਨ ਪਹਿਨਦੇ ਹਨ। ਇਸ ਘਟਨਾ ਤੋਂ ਬਾਦ ਪੁਲਿਸ ਅਧਿਕਾਰੀ ਗੁਰਦੁ-ਆਰੇ ਆਏ ਤੇ ਸਿੱਖਾਂ ਨੂੰ ਅਮਰੀਕੀ ਪੁਲਿਸ ਵਿੱਚ ਭਰਤੀ ਹੋਣ ਦੀ ਅਪੀਲ ਕੀਤੀ। ਸੰਦੀਪ ਸਿੰਘ ਨੇ ਪਿਤਾ ਨਾਲ ਗੱਲ ਕੀਤੀ।ਭਾਵੇਂ ਅਮਰੀਕਾ ਵਿੱਚ ਬੰਦੂਕ ਸਭਿਆਚਾਰ ਹੋਣ ਕਰਕੇ ਪੁਲਿਸ ਦੀ ਨੌਕਰੀ ਬੜੀ ਜੋਖਮ ਭਰਿਆ ਕਾਰਜ ਹੈ ਪਰ ਉਸ ਨੇ ਕਿਹਾ ਕਿ ਉਹ ਆਮ ਸਿੱਖਾਂ ਨਾਲੋਂ ਵੱਖਰਾ ਕੰਮ ਕਰਨਾ ਚਾਹੁੰਦਾ ਹੈ ਤੇ ਉਹ ਪੁਲੀਸ ਵਿਚ ਭਰਤੀ ਹੋ ਕੇ ਦਸਤਾਰ ਸਜਾ ਕੇ ਆਮ ਸ਼ਹਿਰੀਆਂ ਵਿਚ ਸਿੱਖਾਂ ਬਾਰੇ ਜਾਣਕਾਰੀ ਦੇਣਾ ਚਾਹੁੰਦਾ ਹੈ। ਉਸ ਸਮੇਂ ਉਹ ਆਮ ਪੰਜਾਬੀਆਂ ਵਾਂਗ ਟਰੱਕਿੰਗ ਦਾ ਕੰਮ ਕਰਦਾ ਸੀ।

ਉਹ 2009 ਵਿੱਚ ਡੀਟੈਂਸ਼ਨ ਅਫ਼ਸਰ ਭਰਤੀ ਹੋਇਆ ਤੇ ਹੌਲੀ ਹੌਲੀ ਤਰੱਕੀ ਕਰਦਾ ਕਰਦਾ ਡਿਪਟੀ ਚੀਫ਼ ਬਣ ਗਿਆ। ਉਸ ਨੇ 2015 ਵਿੱਚ ਦਸਤਾਰ ਸਜਾਉਣ ਦੀ ਆਗਿਆ ਮੰਗੀ ਜਿਸ ਦੀ ਚਰਚਾ ਅਮਰੀਕਾ ਮੀਡੀਆ ਵਿੱਚ ਬਹੁਤ ਹੋਈ ਤੇ ਉਸ ਨੂੰ ਆਗਿਆ ਮਿਲ ਗਈ।ਇਸ ਨਾਲ ਆਉਣ ਵਾਲੇ ਸਿੱਖਾਂ ਲਈ ਸਿੱਖੀ ਸਰੂਪ ਵਿੱਚ ਪੁਲਿਸ ਵਿੱਚ ਨੌਕਰੀ ਕਰਨ ਦਾ ਰਾਹ ਖੁੱਲ੍ਹ ਗਿਆ।

ਪੁਲਿਸ ਵਿੱਚ ਉਸ ਨੇ ਦਫ਼ਤਰ ਵਿੱਚ ਕੰਮ ਕਰਨ ਦੀ ਥਾਂ ‘ਤੇ ਆਮ ਲੋਕਾਂ ਵਿੱਚ ਵਿਚਰਨ ਨੂੰ ਪਹਿਲ ਦਿੱਤੀ। ਉਹ ਅਕਸਰ ਆਪਣੀ ਗੱਡੀ ਵਿੱਚ ਘੁੰਮਦਾ ਫਿਰਦਾ ਸੀ ਤਾਂ ਜੋ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ। ਹੁਣ ਵੀ ਉਹ ਚੌਕ ਵਿੱਚ ਡਿਊਟੀ ਦੇ ਰਿਹਾ ਸੀ, ਜਦ ਉਸ ਦਾ ਕਤਲ ਹੋਇਆ।

ਉਹ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਸਨ। ਹਸਮੁੱਖ ਤੇ ਹਰ ਸਮੇਂ ਸੇਵਾ ਸਮਰਪਿਤ ਵਾਲੇ ਧਾਲੀਵਾਲ ਦੀਆਂ ਸੇਵਾਵਾਂ ਨੂੰ ਅਮਰੀਕੀ ਮੀਡੀਆ ਨੇ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤਾ ਹੈ। ਅਮਰੀਕਾ ਵਿੱਚ ਆਉਂਦੇ ਤੁਫਾਨਾਂ, ਹੜ੍ਹਾਂ ਆਦਿ ਕੁਦਰਤੀ ਆਫਤਾਂ ਸਮੇਂ ਉਹ ਆਪਣੇ ਸਾਥੀਆਂ ਨਾਲ ਛੁੱਟੀ ਲੈ ਕੇ ਸੇਵਾ ਕਰਨ ਜਾਂਦਾ ਸੀ। ਪਿੱਛੇ ਜਿਹੇ ਉਹ ਪੈਟਰਿਕਾ ਵਿੱਚ ਆਫ਼ਤ ਦੇ ਮੂੰਹ ਆਏ ਲੋਕਾਂ ਦੀ ਮਦਦ ਕਰਨ ਗਏ ਗਿਆ। ਯੂਨੀਇਟਿਡ ਸਿੱਖਸ ਨਾਂ ਦੀ ਸੰਸਥਾ ਨਾਲ ਇਕ ਸਹਿਯੋਗੀ ਦੇ ਤੌਰ ‘ਤੇ ਉਨ੍ਹਾਂ ਨੇ ਸ਼ਲਾਘਾਯੋਗ ਕੰਮ ਕੀਤਾ।

ਉਨ੍ਹਾਂ ਦੀ ਮੌਤ ਸਮੇਂ ਅਮਰੀਕਾ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ ਕੈਂਡਲ ਮਾਰਚ ਕੀਤੇ ਗਏ। ਉਨ੍ਹਾਂ ਦੇ ਅੰਤਿਮ ਸਸਕਾਰ ਸਮੇਂ ਅਮਰੀਕੀ ਟੀ ਵੀ ਚੈਨਲ ਨੇ ਸਿੱਧਾ ਪ੍ਰੋਗਰਾਮ ਪ੍ਰਕਾਸ਼ਿਤ ਕੀਤਾ ਜਿਸ ਨੂੰ ਇਸ ਲੇਖਕ ਸਮੇਤ ਲੱਖਾਂ ਲੋਕਾਂ ਨੇ ਵੇਖਿਆ। ਉਸ ਦਾ ਸਸਕਾਰ ਸਿੱਖੀ ਰਹੁ-ਰੀਤਾਂ ਅਤੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਸਸਕਾਰ ਸਮੇਂ ਉਨ੍ਹਾਂ ਦੀ ਦੇਹ ਅਮਰੀਕੀ ਝੰਡੇ ਵਿਚ ਲਪੇਟੀ ਹੋਈ ਸੀ। ਫ਼ੌਜੀ ਰਹੁ-ਰੀਤਾਂ ਨਾਲ 21 ਤੋਪਾਂ ਦੀ ਸਲਾਮੀ ਦਿੱਤੀ ਗਈ । ਸਸਕਾਰ ਤੋਂ ਪਹਿਲਾਂ ਅਮਰੀਕੀ ਝੰਡਾ ਉਤਾਰ ਕੇ ਉਨ੍ਹਾਂ ਦੀ ਪਤਨੀ ਨੂੰ ਦਿੱਤਾ ਗਿਆ, ਜਿਸ ਨੂੰ ਉਨ੍ਹਾਂ ਨੇ ਆਪਣੀ ਛਾਤੀ ਨਾਲ ਲਾ ਲਿਆ।ਇਸ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਪਹੁੰਚੇ ਹੋਏ ਸਨ।ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ ਵਿਚ ਅਖੰਡ ਪਾਠ ਦਾ ਭੋਗ ਪਾਇਆ ਗਿਆ ਤੇ ਗੁਰੂ ਕਾ ਲੰਗਰ ਅਤੁਟ ਵਰਤਿਆ।ਵੱਖ ਵੱਖ ਬੁਲਾ-ਰਆ ਨੇ ਉਨ੍ਹਾਂ ਨਾਲ ਬਿਤਾਏ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ।

ਉਸ ਦੇ ਭਰ ਜਵਾਨੀ ਵਿੱਚ ਪਿੱਛੇ ਬਾਪ ‘ਤੇ ਛੋਟੇ ਛੋਟੇ ਬੱਚਿਆਂ ਨੂੰ ਛੱਡ ਜਾਣ ਦਾ ਦ੍ਰਿਸ਼ ਦਿਲ ਹਿਲਾਅ ਦੇਣ ਵਾਲਾ

ਸੀ। ਹਰੇਕ ਦੇ ਅੱਖਾਂ ਵਿੱਚ ਹੰਝੂ ਵਹਿ ਰਹੇ ਸਨ। ਉਸ ਦੇ ਬਾਪ ਦਾ ਕਹਿਣਾ ਹੈ ਕਿ ਉਹ ਇੱਕ ਅਨਮੋਲ ਹੀਰਾ ਸੀ।

ਵਾਕਿਆ ਹੀ ਉਹ ਇੱਕ ਅਨਮੋਲ ਹੀਰਾ ਹੀ ਸੀ, ਜੋ ਕਿ ਇਸ ਸੰਸਾਰ ਵਿੱਚ ਨਵੀਆਂ ਪੈੜਾਂ ਪਾ ਗਿਆ।

ਅਮਰੀਕਾ ਵਿੱਚ ਇਸ ਸਮੇਂ ਸਿੱਖ ਪਛਾਣ ਦਾ ਮਸਲਾ ਬੜਾ ਅਹਿਮ ਹੈ। ਅਮਰੀਕਾ ਨੂੰ ਅੱਜ ਅਜਿਹੇ ਸਾਬਤ ਸੂਰਤ ਸਿੱਖ ਪੁਲਿਸ ਤੇ ਅਫ਼ਸਰਾਂ ਦੀ ਲੋੜ ਹੈ ਜੋ ਕਿ ਸਿੱਖ ਧਰਮ ਦੀਆਂ ਨਿਸ਼ਕਾਮ ਸੇਵਾ ਕਰਨ ਦੀ ਰਿਵਾਤਾਂ ਨੂੰ ਅੱਗੇ ਲਿਆਉਣ। ਉਸ ਦੇ ਚੰਗੇ ਕਮਾਂ ਕਰਕੇ ਉਸ ਦੇ ਪ੍ਰਵਾਰ ਲਈ ਵੱਖ ਵੱਖ ਸੰਸਥਾਵਾਂ ਦਾਨ ਇਕੱਠਾ ਕਰ ਰਹੀਆਂ ਹਨ। 6 ਲੱਖ ਡਾਲਰ ਤੋਂ ਵੱਧ ਸਹਾਇਤਾ ਪ੍ਰਾਪਤ ਹੋ ਚੁੱਕੀ ਹੈ।ਪਾਪਾ ਜਾਹਨਜ਼ ਦੀ ਦੱਖਣੀ ਪੂਰਬੀ ਸ਼ਾਖਾ ਨੇ ਮੰਗਲਵਾਰ ਤੋਂ ਸ਼ੁਕਰਵਾਰ ਤੀਕ ਦੀ ਕਮਾਈ ਇਸ ਫੰਡ ਨੂੰ ਦੇਣ ਐਲਾਨ ਕੀਤਾ ਹੈ।2015 ਤੋਂ ਹੁਣ ਤੀਕ 50 ਪੁਲੀਸ ਦੀਆਂ ਔਰਤਾਂ ਤੇ ਮਰਦ ਡਿਊਟੀ ਦੇਂਦੇ ਸ਼ਹੀਦ ਹੋ ਚੁੱਕੇ ਹਨ ,ਜਿਨ੍ਹਾਂ ਵਿੱਚੋਂ ਸੰਦੀਪ ਸਿੰਘ ਦਾ ਨੰਬਰ 50ਵਾਂ ਸੀ। ਹਿਊਸਟਨ ਸਿਟੀ ਕੌਂਸਲ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਯਾਦ ਵਿਚ ਯਾਦਗਾਰ ਕਾਇਮ ਕੀਤੀ ਜਾਵੇਗੀ ਤੇ ਹਰ ਸਾਲ 2 ਅਕਤੂਬਰ ਨੂੰ ਯਾਦ ਕੀਤਾ ਜਾਵੇਗਾ। ਸੰਦੀਪ ਸਿੰਘ ਧਾਰੀਵਾਲ ਭਾਵੇਂ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ ਪਰ ਉਸ ਵੱਲੋਂ ਕੀਤੇ ਕਾਰਜ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

# Jordan Boswell– Brampton Centre NDP Candidate

-By: Surjit Singh Flora-

While elections occur only once every four years, with the amount of news coverage and media, it can seem a lot more often. It is easy to become desensitized to the people, the issues, and the noise. But now is the time to pay attention — to the people who are elected to the House. Elected officials work for us and will be our voice when it comes to issues of education, clean water, human trafficking, poverty, benefits for our city and province, our next generation's future, and our safety. During the federal election, you have the power to refocus the conversation toward what genuine matters — issues that will be affected by decisions in the next four years. We will be conducting sitdown interviews with federal candidates throughout Peel Region. Here's the conversation is with Jordan Boswell – Brampton Centre NDP Candidate

Flora: It is a fact that Brampton has zero Federal Office jobs (other than a passport office), and zero Federal Department office jobs. It is also a fact that Brampton has very few office sector jobs compared to our neighbouring municipality, Mississauga (Department of Revenue Canada, Department of Seniors Affairs are the exception to this, housing hundreds of jobs in Mississauga). Brampton residents who are skilled in these jobs must commute hours each day to Toronto, Mississauga and beyond. To place a Federal Office in Brampton is 100 percent a Federal Government decision. If you are elected, will you make it a priority to put office jobs in Brampton? We are also aware there is talked to relocate all of/part of the jobs at the Federal Department of Transport office located in the Yonge and 401 area. Will you fight for Brampton to receive all or part of the jobs that may be relocated?

Boswell: We need to make sure Brampton gets its fair share, especially when it comes to jobs in our city. The lack of federal investment in our community has resulted in Brampton becoming a sleeper city, with many residents forced to commute to other cities for work. The 5 Liberal MPs we elected in the last election failed to stand up for jobs here, and fight for the investment we need and deserve.

Flora: Because it is a fact that Brampton has zero Federal Department jobs within our city, it therefore is also a fact that Brampton people AND businesses must travel outside their own city to deal with every single Federal matter. Not one Federal Department is located within Brampton. Will you fight to correct this inequity? This is 100 percent a Federal decision.

Boswell: Similarly, to the first answer, Brampton hasn't been getting its fair share. And as a result, we are falling behind. The 5 Liberal MPs in office neglected the needs of our community and weren't able to secure the necessary support when it comes to services. We should have had the strongest voice in the House of Commons to help tackle this problem, but our elected representatives didn't fight for issues like this.



Flora: Given months of headlines and news stories about "hallways healthcare" and gridlock at Brampton hospitals, one party has committed to getting Brampton residents better healthcare and even another hospital. This is 100 percent NOT a Federal decision.

Would you agree with that statement? What therefore specifically would you say to Brampton residents about this matter?

Boswell: I was proud to stand with our Leader, Jagmeet Singh, on the second day of the campaign to announce we would fund a second hospital in Brampton. We are in a healthcare crisis, and it is unacceptable that a city of almost 650,000 people has one full hospital. We understand that health-care falls under provincial jurisdiction, but we believe we need leadership on the file, and are committed to providing the funding for this project. We are taking the healthcare crisis in our city seriously, and have a bold plan to deliver better service to Bramptonians.

Flora: Introduced by former Prime Minister Stephen Harper and cancelled by current Prime Minister Justin Trudeau. The reason for cancellation was said to be that the impact on climate change was negligible. However, for the pocketbooks of urban Canadians who rely on transit for work or school, this meant up to $1000/yr. back in our pockets.

Conservative leader Andrew has proposed restoring this tax credit. Will you support re-establishing this important and relevant tax savings for people.

Boswell: We know a city like Brampton relies on its public transit to move residents around. Especially since most people live in the city but work elsewhere such as Toronto a Mississauga, it is imperative that we reverse the neglect both Conservative and Liberal representatives have had when it comes to transit.

Our plan for the environment – Power to Change – heavily incorporates investment in public transit, including the target of a fully electric transit grid by 2030 and working towards fare-free transit. We believe better investing in public transit is not only good for the environment, but practical for users who rely on it every day?

Flora: Specifically, what is your party policy for ensuring resources for protection of our Arctic lands.

Boswell: It is important for Canada to defend its sovereignty, particularly in the Arctic. We need to take a bolder stance to defend our land up north, and ensure the necessary action is taken to protect it from climate change. The current government has claimed to be a climate leader, but continue to purchase pipelines and subsidize the fossil fuel industry – both damaging to the survival of Canada's Arctic.

Flora: Brampton is home to hundreds of thousands of new Canadians. The Federal Government has a role in settlement and support but has seemingly denied adequate real funding to Region of Peel, leaving these costs to property taxpayers.

What would you do to correct this high cost directly on Brampton property taxes?

Boswell: Canada is a country built on immigration, and it is something we certainly see in a community as diverse as Brampton. We expect our immigration system to be compassionate and fair, which is why we are proposing important changes to the process. The first is to ensure foreign credentials are recognized in Canada, and those who have certification are able to reach their potential in Canada. Far too often we hear stories of newcomers who are qualified, but are under-employed because their certification is not recognized. We also want to make our immigration system more compassionate, and focus more on family reunification. This is an issue we hear a lot about in Brampton, and need to make it easier for grandparents or other relatives to reunite with their families here in Canada.

Flora: Brampton is the closest downtown centre to Canada's largest Airport, Pearson. Brampton is open for business. Recent changes to Trade and foreign policy have made Canadian products less competitive. What is your party's response to restoring balance in Trade with Canadian companies once again being competitive? "Buy American" had also had a negative effect for Canada. Will the Federal Government consider a "Buy Canadian" policy without a protectionist policy violating the new Canada Mexico US Trade Agreement (the new NAFTA)?

Boswell: Canada is a trading nation, and our economy relies on trading with other countries. But we need to make sure this is fair trade and puts our workers first. We have seen how devastating other trade deals have been to our automotive, manufacturing, and agricultural sector, so we need to make sure we are putting Canadian workers first. Any trade deal our country enters into needs to protect those jobs in Canada and ensure none of the sectors involved are threatened in any way.

Flora: Many Canadian retired Seniors are known as "snowbirds", travelling to the US for winter months. There is a maximum stay of 183 days permitted before the IRS will income tax revenue. For several years, it has been discussed to change the limit to eight months. Do you support this change? Does your party support this change?

Boswell: Seniors have built-up our communities, so we need to make sure to take care of them when it comes time for retirement. Especially when they are living on a fixed income, it can sometimes be challenging for them to keep up with the cost of living. One way we are addressing that is by expanding our healthcare system to include prescription medication. Pharmacare is something the Liberals have been promising for decades but have refused to take action. New Democrats believe you should pay with your health card, not your credit card at the Pharmacist, and are committed to deliver this service. This no doubt benefits all Canadians but will provide additional support to those on a fixed income.



# ਕੀ ਕਸ਼ਮੀਰ ਦਾ ਕੌਮਾਂਤਰੀਕਰਨ ਭਾਰਤ ਦੇ ਹਿੱਤ ਵਿੱਚ ਹੈ

-ਕਰਣ ਥਾਪਰ



ਕੀ ਪ੍ਰਧਾਨ ਮੰਤਰੀ ਦਾ ਅਮਰੀਕਾ ਅਤੇ ਯੂ ਐੱਨ ਓ ਦਾ ਦੌਰਾ ਇੱਕ ਜ਼ਿਕਰ ਯੋਗ ਸਫਲਤਾ ਸੀ ਜਾਂ ਕਸਮੀਰ ਮੁੱਦੇ ਦਾ ਕੌਮਾਂਤਰੀਕਰਨ ਕਰਨਾ ਭਾਰਤ ਦੇ ਹਿੱਤ ਵਿੱਚ ਨਹੀਂ ਸੀ? ਇਹ ਅਜਿਹਾ ਸਵਾਲ ਹੈ, ਜਿਸ ਦਾ ਜਵਾਬ ਨਾ ਪੂਰੀ ਤਰ੍ਹਾਂ ਸਪੱਸ਼ਟ ਹੈ ਅਤੇ ਨਾ ਵਿਵਾਦ-ਰਹਿਤ। ਬਹੁਤੇ ਸਮੀਖਿਅਕ ਸਹਿਮਤ ਹੋਣਗੇ ਕਿ ਭਾਜਪਾ ਵੱਲੋਂ ਵਧਾ-ਚੜ੍ਹਾ ਕੇ ਕੀਤੀਆਂ ਗਈਆਂ ਗੱਲਾਂ ਬੇਵਜ੍ਹਾ ਹਨ।

ਮੈਂ ਦੋ ਮੁੱਦਿਆਂ ਨੂੰ ਅੱਡ ਕਰ ਕੇ ਜਵਾਬ ਦੇਵਾਂਗਾ: ਭਾਰਤ ਦਾ ਇਸ ਗੱਲ 'ਤੇ ਜ਼ੋਰ ਦੇਣਾ ਕਿ ਕਸ਼ਮੀਰ ਦੇ ਦਰਜੇ ਵਿੱਚ ਤਬਦੀਲੀ ਉਸ ਦਾ ਅੰਦਰੂਨੀ ਮਾਮਲਾ ਹੈ ਅਤੇ ਸੰਚਾਰ ਸਾਧਨਾਂ ਉੱਤੇ ਪਾਬੰਦੀ, ਨੇਤਾਵਾਂ ਨੂੰ ਹਿਰਾਸਤ ਵਿੱਚ ਲੈਣ ਤੇ ਮਨੁੱਖੀ ਅਧਿਕਾਰਾਂ ਬਾਰੇ ਕੌਮਾਂਤਰੀ ਚਿੰਤਾ ਨਾਜਾਇਜ਼ ਹੈ। ਜੇ ਤੁਸੀਂ ਦੋਵਾਂ ਨੂੰ ਅੱਡ-ਅੱਡ ਕਰ ਕੇ ਦੇਖੋ ਤਾਂ ਇਸ ਦੌਰੇ ਦੇ ਕੁੱਲ ਨਤੀਜੇ ਬਾਰੇ ਤੁਹਾਡੀ ਬਿਹਤਰ ਸਮਝ ਉੱਤੇ ਪਹੁੰਚਣ ਦੀ ਸੰਭਾਵਨਾ ਹੈ।

ਕੁਝ ਗੱਲਾਂ ਨੂੰ ਛੱਡ ਕੇ ਉਂਜ ਦੁਨੀਆ ਨੇ ਮੰਨਿਆ ਹੈ ਕਿ ਭਾਰਤ ਨੂੰ ਕਸ਼ਮੀਰ ਦੇ ਸੰਵਿਧਾਨਕ ਦਰਜੇ 'ਚ ਤਬਦੀਲੀ ਕਰਨ ਦਾ ਹੱਕ ਹੈ ਅਤੇ ਇਹ ਹੋਰ ਦੇਸ਼ਾਂ ਵੱਲੋਂ ਟਿੱਪਣੀ ਕਰਨ ਦਾ ਮਾਮਲਾ ਨਹੀਂ ਹੈ। ਤੁਰਕੀ ਅਤੇ ਚੀਨ ਵੱਲੋਂ ਕੀਤੀ ਗਈ ਆਲੋਚਨਾ ਨੂੰ ਇਸ ਆਧਾਰ ਉਤੇ ਸਮਝਿਆ ਜਾ ਸਕਦਾ ਹੈ ਕਿ ਉਹ ਪਾਕਿਸਤਾਨ ਦੇ ਸਹਿਯੋਗੀ ਹਨ। ਆਰਗੇਨਾਈਜ਼ੇਸ਼ਨ ਆਫ ਇਸਲਾਮਕ ਕੰਟਰੀਜ਼ (ਆਈ ਓ ਸੀ) ਦੇ ਕਸ਼ਮੀਰ ਕਾਂਟੈਕਟ ਗਰੁੱਪ ਵੱਲੋਂ ਕੀਤੀ ਤਿੱਖੀ ਟਿੱਪਣੀ ਨੂੰ ਸ਼ਾਇਦ ਇਸ ਦੇ 57 ਮੈਂਬਰਾਂ ਨੇ ਵੀ ਗੰਭੀਰਤਾ ਨਾਲ ਨਹੀਂ ਲਿਆ, ਪਰ ਅਸਹਿਮਤੀ ਦੇ ਦੋ ਸੁਰ ਹਨ, ਜਿਨ੍ਹਾਂ ਦੀ ਭਾਰਤ ਨੂੰ ਚਿੰਤਾ ਹੋਣੀ ਚਾਹੀਦੀ ਹੈ। ਸਾਊਦੀ ਅਰਬ ਨੇ ਆਈ ਓ ਸੀ ਕਾਂਟੈਕਟ ਗਰੁੱਪ ਦੇ ਬਿਆਨ ਦਾ ਸਮਰਥਨ ਕੀਤਾ ਹੈ, ਜਿਸ ਕਾਰਨ ਭਾਰਤ ਦੇ ਸਾਊਦੀ ਅਰਬ ਨਾਲ ਸੁਧਰ ਰਹੇ ਸੰਬੰਧਾਂ 'ਤੇ ਇੱਕ ਛੋਟਾ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਇਸੇ ਤਰ੍ਹਾਂ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਨੇ ਜਨਰਲ ਅਸੈਂਬਲੀ ਨੂੰ ਦੱਸਿਆ ਕਿ 'ਭਾਰਤ ਨੇ ਕਸ਼ਮੀਰ 'ਤੇ ਹਮਲਾ ਕਰ ਕੇ ਕਬਜ਼ਾ ਕਰ ਲਿਆ ਹੈ। ਇਸ ਕਾਰਵਾਈ ਦੇ ਜੋ ਵੀ ਕਾਰਨ ਹੋਣ, ਫਿਰ ਵੀ ਇਹ ਗਲਤ ਹੈ।' ਇਹ ਵਲਾਦੀਵੋਸਤੇਕ ਵਿੱਚ ਮੋਦੀ ਨਾਲ ਇੱਕ ਲੰਮੀ ਮੀਟਿੰਗ ਤੋਂ ਸਿਰਫ ਕੁਝ ਹਫਤਿਆਂ ਬਾਅਦ ਹੀ ਮਹਾਤਿਰ ਮੁਹੰਮਦ ਨੇ ਕਹਿ ਦਿੱਤਾ ਹੈ।

ਫਿਰ ਵੀ ਮੈਂ ਇਹ ਸਿੱਟਾ ਕੱਢਿਆ ਹੈ ਕਿ ਮੋਦੀ ਨੇ ਦੁਨੀਆ ਨੂੰ ਰਾਜ਼ੀ ਕਰ ਲਿਆ ਹੈ ਕਿ ਕਸ਼ਮੀਰ ਦੇ ਦਰਜੇ ਵਿੱਚ ਤਬਦੀਲੀ ਉਸ ਦਾ ਘਰੇਲੂ ਮਾਮਲਾ ਹੈ, ਕੌਮਾਂਤਰੀ ਚਿੰਤਾ ਦਾ ਨਹੀਂ। ਇਮਰਾਨ ਖਾਨ ਵੱਲੋਂ ਜਨਤਕ ਤੌਰ ਉੱਤੇ ਪ੍ਰਗਟਾਈ ਗਈ ਨਿਰਾਸ਼ਾ ਯਕੀਨੀ ਤੌਰ 'ਤੇ ਇਸ ਨੁਕਤੇ ਦੀ ਪੁਸ਼ਟੀ ਕਰਦੀ ਹੈ। ਜਦੋਂ ਤੁਸੀਂ ਸੰਚਾਰ ਮਾਧਿਅਮਾਂ ਉੱਤੇ ਪਾਬੰਦੀਆਂ, ਹਿਰਾਸਤਾਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਬਾਰੇ ਕੌਮਾਂਤਰੀ ਚਿੰਤਾ ਵੱਲ ਮੁੜਦੇ ਹੋ ਤਾਂ ਇਹ ਇੱਕ ਵੱਖਰੀ ਕਹਾਣੀ ਬਣ ਜਾਂਦੀ ਹੈ। ਪੱਛਮੀ ਮੀਡੀਆ ਲਈ ਇੱਕ ਪ੍ਰਮੁੱਖ ਕਹਾਣੀ ਹੈ ਅਤੇ ਨਾਲ ਹੀ ਸਮ-ਰੂਪ ਅਤੇ ਨਿਸ਼-ਕਪਟ ਤੌਰ 'ਤੇ ਆਲੋਚਨਾਤਮਕ ਵੀ। 'ਨਿਊ ਯਾਰਕ ਟਾਈਮਜ਼' ਨੇ ਇਸ ਨੂੰ 'ਭਾਰਤ ਦੀ ਨਾਸਮਝੀ, ਖਤਰਨਾਕ ਅਤੇ ਗਲਤ' ਦੱਸਿਆ ਹੈ, ਜਦ ਕਿ 'ਗਾਰਡੀਅਨ' ਦਾ ਕਹਿਣਾ ਹੈ ਕਿ ''ਇਹ ਅੱਗ ਭੜਕਾਉਣ ਵਾਲਾ, ਹੈਰਾਨੀ ਵਾਲਾ ਅਤੇ ਜੋਖਮ ਭਰਪੂਰ ਹੈ।'' ਇਸੇ ਤਰ੍ਹਾਂ 'ਅਬਜ਼ਰਵਰ' ਨੇ ਇਸ ਨੂੰ 'ਭਾਰਤੀ ਤਖਤਾ ਪਲਟ' ਦਾ ਨਾਂਅ ਦੇ ਕੇ ਕਿਹਾ ਹੈ ਕਿ ''ਮੋਦੀ ਗਲਤੀ ਕਰ ਕੇ ਫਸ ਗਏ ਹਨ।'' ਵਾਸ਼ਿੰਗਟਨ ਪੋਸਟ ਨੇ ਦੋ-ਟੁੱਕ ਸ਼ਬਦਾਂ ਵਿੱਚ ਕਿਹਾ ਹੈ ਕਿ ਮੋਦੀ ਦਾ ਲੋਕਤੰਤਰ ਦਾਗੀ ਹੈ।

ਇਸ ਮਾਮਲੇ ਵਿੱਚ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਚੁੱਪ ਨਹੀਂ ਹਨ। ਬ੍ਰਿਟਿਸ਼ ਵਿਦੇਸ਼ ਮੰਤਰੀ ਡੋਮੀਨਿਕ ਰਾਬ ਨੇ ਕਿਹਾ ਹੈ ਕਿ 'ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਬਹੁਤ ਚਿੰਤਾ ਜਨਕ ਹਨ।' ਵਿਦੇਸ਼ੀ ਮਾਮਲਿਆਂ ਬਾਰੇ ਯੂਰਪੀਅਨ ਯੂਨੀਅਨ ਦੀ ਉੱਚ ਪ੍ਰਤੀਨਿਧ ਫੈਡੇਰੇਕਾ ਨੇ ਭਾਰਤ ਨੂੰ ਕਸ਼ਮੀਰ ਵਿੱਚ ਲੋਕਾਂ ਦੇ ਅਧਿਕਾਰਾਂ ਤੇ ਆਜ਼ਾਦੀ ਨੂੰ ਬਹਾਲ ਕਰਨ ਲਈ ਕਿਹਾ ਹੈ, ਹਾਲਾਂਕਿ ਸਭ ਤੋਂ ਵੱਧ ਖੁੱਲ੍ਹ ਕੇ ਦਿੱਤਾ ਗਿਆ ਬਿਆਨ ਅਮਰੀਕਾ ਦਾ ਸੀ। ਅਮਰੀਕਾ ਦੇ ਦੱਖਣੀ ਏਸ਼ੀਆ ਲਈ ਕਾਰਜ ਵਾਹਕ ਅਸਿਸਟੈਂਟ ਸੈਕਟਰੀ ਏਲਿਸ ਵੈਲਸ ਨੇ ਕਿਹਾ ਕਿ ''ਅਮਰੀਕਾ ਵੱਡੀ ਪੱਧਰ ਉੱਤੇ ਹਿਰਾਸਤਾਂ ਅਤੇ ਜੰਮੂ-ਕਸ਼ਮੀਰ ਦੇ ਲੋਕਾਂ 'ਤੇ ਲਾਈਆਂ ਪਾਬੰਦੀਆਂ ਬਾਰੇ ਚਿੰਤਤ ਹੈ।'' ਵ੍ਹਾਈਟ ਹਾਊਸ ਨੇ ਇੰਨੀ ਬੇਰੁਖੀ ਨਹੀਂ ਦਿਖਾਈ। ਉਸ ਨੇ ਦਾਅਵਾ ਕੀਤਾ ਕਿ ਨਿਊ ਯਾਰਕ 'ਚ ਮੋਦੀ ਨਾਲ ਮੀਟਿੰਗ ਵਿੱਚ ਟਰੰਪ ਨੇ ਉਨ੍ਹਾਂ ਨੂੰ ਪਾਕਿਸਤਾਨ ਨਾਲ ਸੰਬੰਧ ਸੁਧਾਰਨ ਅਤੇ ਕਸ਼ਮੀਰੀ ਲੋਕਾਂ ਦਾ ਜੀਵਨ ਬਿਹਤਰ ਬਣਾਉਣ ਦਾ ਆਪਣਾ ਵਾਅਦਾ ਪੂਰਾ ਕਰਨ ਲਈ ਪ੍ਰੇਰਿਤ ਕੀਤਾ ਹੈ।

ਮੈਂ ਇੱਕ ਕਦਮ ਹੋਰ ਅੱਗੇ ਜਾਵਾਂਗਾ ਕਿ ਪਾਕਿਸਤਾਨ ਵੱਲੋਂ ਚਲਾਏ ਜਾਂਦੇ ਅੱਤਵਾਦ ਦੇ ਮੁੱਦੇ ਉੱਤੇ ਮੋਦੀ ਨੂੰ ਟਰੰਪ ਦਾ ਪੂਰਾ ਸਮਰਥਨ ਨਹੀਂ ਮਿਲਿਆ। ਟਰੰਪ ਨੇ ਮੋਦੀ ਵੱਲੋਂ ਹਿਊਸਟਨ 'ਚ ਦਿੱਤੇ ਭਾਸ਼ਣ ਨੂੰ 'ਬਹੁਤ ਹਮਲਾਵਰ' ਦੱਸਿਆ। ਉਨ੍ਹਾਂ ਦਾ ਮੰਨਣਾ ਹੈ ਕਿ ਪਾਕਿਸਤਾਨ ਨਹੀਂ, ਸਗੋਂ ਈਰਾਨ ਅੱਤਵਾਦ ਦਾ ਕੇਂਦਰ ਹੈ। ਟਰੰਪ ਲਈ ਇਮਰਾਨ ਖਾਨ ਓਨਾ ਹੀ ਚੰਗਾ ਮਿੱਤਰ ਹੈ, ਜਿੰਨੇ ਕਿ ਮੋਦੀ। ਸਭ ਤੋਂ ਅਹਿਮ ਕਿ ਜਦੋਂ ਪਾਕਿਸਤਾਨ ਦੀ ਫੌਜ ਵੱਲੋਂ ਅਲ ਕਾਇਦਾ ਨੂੰ ਟਰੇਨਿੰਗ ਦੇਣ ਬਾਰੇ ਇਮਰਾਨ ਖਾਨ ਦੇ ਕਬੂਲਨਾਮੇ ਬਾਰੇ ਪੁੱਛਿਆ ਤਾਂ ਟਰੰਪ ਨੇ ਇਸ ਗੱਲ ਨੂੰ ਇਹ ਕਹਿ ਕੇ ਟਾਲ ਦਿੱਤਾ ਕਿ ਉਨ੍ਹਾਂ ਨੇ ਇਮਰਾਨ ਨੂੰ ਬੋਲਦਾ ਨਹੀਂ ਸੁਣਿਆ। ਸਪੱਸ਼ਟ ਤੌਰ 'ਤੇ ਟਰੰਪ ਪਾਕਿਸਤਾਨ ਨੂੰ ਅੱਤਵਾਦ ਲਈ ਉਸ ਤਰ੍ਹਾਂ ਜ਼ਿੰਮੇਵਾਰ ਨਹੀਂ ਠਹਿਰਾਉਣਾ ਚਾਹੁੰਦੇ, ਜਿਵੇਂ ਕਿ ਭਾਰਤ ਚਾਹੁੰਦਾ ਹੈ।

ਫਿਰ ਇਸ ਸਭ ਦਾ ਨਤੀਜਾ ਕੀ ਨਿਕਲਿਆ? ਮੈਨੂੰ ਇਸ ਗੱਲ ਤੋਂ ਇਨਕਾਰ ਕਰਨ ਵਿੱਚ ਮੁਸ਼ਕਲ ਹੋ ਰਹੀ ਹੈ ਕਿ ਕਸ਼ਮੀਰ ਦਾ ਕੌਮਾਂਤਰੀਕਰਨ ਹੋ ਗਿਆ ਹੈ। ਇਸ ਦੀ ਸ਼ੁਰੂਆਤ ਅਸਲ ਵਿੱਚ ਅਗਸਤ ਮਹੀਨੇ ਵਿੱਚ ਸੁਰੱਖਿਆ ਕੌਂਸਲ ਦੀ ਗੈਰ ਰਸਮੀ ਮੀਟਿੰਗ ਨਾਲ ਹੀ ਹੋ ਗਈ ਸੀ। ਦੂਜਾ, ਜ਼ਿਆਦਾਤਰ ਦੇਸ਼ਾਂ ਨੇ ਕਸ਼ਮੀਰ ਦੇ ਦਰਜੇ ਵਿੱਚ ਤਬਦੀਲੀ ਦੀ ਆਲੋਚਨਾ ਨਹੀਂ ਕੀਤੀ, ਫਿਰ ਵੀ ਉਹ ਇਸ ਨੂੰ ਇੱਕ ਵਿਵਾਦਤ ਖੇਤਰ ਮੰਨਦੇ ਹਨ। ਆਖਿਰ ਉਹ ਮੰਨਦੇ ਹਨ ਕਿ ਇਸ ਦਾ ਹੱਲ ਦੁਵੱਲੇ ਪੱਧਰ 'ਤੇ ਹੋਣਾ ਚਾਹੀਦਾ ਹੈ ਅਤੇ ਇਸ ਦੇ ਲਈ ਉਹ ਭਾਰਤ ਨੂੰ ਪ੍ਰੇਰਿਤ ਵੀ ਕਰ ਰਹੇ ਹਨ।

ਬਹੁਤ ਕੁਝ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਜਦੋਂ ਕਸ਼ਮੀਰ ਵਾਦੀ ਉੱਤੇ ਕੱਸਿਆ ਸ਼ਿਕੰਜਾ ਹਟਾਇਆ ਜਾਂਦਾ ਹੈ ਤਾਂ ਉਦੋਂ ਕੀ ਹੁੰਦਾ ਹੈ।

# ਗਨਗੌਰਾਂ ਤੇ ਦੁਸਹਿਰਾ

-ਪਰਮਜੀਤ ਕੌਰ ਸਰਹਿੰਦ

ਦੁਸਹਿਰਾ ਵੀ ਦੀਵਾਲੀ ਵਾਂਗ ਤਕਰੀਬਨ ਸਾਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ, ਪਰ ਪੰਜਾਬੀ ਲੋਕ ਇਸ ਨੂੰ ਨਿਵੇਕਲੇ ਢੰਗ ਨਾਲ ਮਨਾਉਂਦੇ ਹਨ। ਇਹ ਤਿਉਹਾਰ ਅਕਤੂਬਰ ਦੇ ਅਖੀਰ ਜਾਂ ਨਵੰਬਰ ਦੇ ਸ਼ੁਰੂ ਵਿੱਚ ਮਨਾਇਆ ਜਾਂਦਾ ਹੈ। ਦੁਸਹਿਰਾ ਆਉਣ ਤੋਂ ਪਹਿਲਾਂ ਜੌਂ ਬੀਜੇ ਜਾਂਦੇ ਹਨ, ਜਿਨ੍ਹਾਂ ਨੂੰ 'ਗਨਗੌਰਾਂ' ਕਿਹਾ ਜਾਂਦਾ ਹੈ। ਇਹ ਗਨਗੌਰਾਂ ਦੁਸਹਿਰੇ ਤੋਂ ਗਿਆਰਾਂ ਦਿਨ ਪਹਿਲਾਂ ਅੱਸੂ ਮਹੀਨੇ ਦੇ ਅਖੀਰਲੇ ਪੱਖ ਸ਼ਰਾਧਾਂ ਤੋਂ ਬਾਅਦ ਬੀਜੀਆਂ ਜਾਂਦੀਆਂ ਹਨ। ਕਈ ਲੋਕ ਇਹ ਗਨਗੌਰਾਂ ਮੱਸਿਆ ਵਾਲੇ ਦਿਨ ਬੀਜਦੇ ਹਨ ਅਤੇ ਇਸ ਨੂੰ ਸਾਂਝਾ ਦਿਨ ਮੰਨਦੇ ਹਨ। ਬਹੁਤੇ ਲੋਕ ਪਹਿਲੇ ਨਰਾਤੇ ਨੂੰ ਬੀਜਦੇ ਹਨ। ਹਰ ਇਲਾਕੇ ਦਾ ਆਪੋ-ਆਪਣਾ ਰਿਵਾਜ ਹੈ, ਪਰ ਬਹੁਤਾ ਮਿਲਦਾ-ਜੁਲਦਾ ਹੀ ਹੈ। ਗਨਗੌਰਾਂ ਬੀਜਣ ਲਈ 'ਸੰਨਵੇਂ' ਖੇਤ ਦੀ ਮਿੱਟੀ ਲਿਆਂਦੀ ਜਾਂਦੀ ਹੈ, ਇਸ ਵਿੱਚ ਜੌਂ ਬਹੁਤ ਸੋਹਣੇ ਤੇ ਭਰਵੇਂ ਜੰਮਦੇ ਹਨ। ਅੱਜ ਤਾਂ ਸੰਨਵੇਂ ਖੇਤ ਰਹੇ ਹੀ ਨਹੀਂ। ਸੰਨਵੇਂ ਖੇਤ ਉਹ ਹੁੰਦੇ, ਜਿਨ੍ਹਾਂ ਵਿੱਚ ਸਾਉਣੀ ਦੀ ਫਸਲ ਨਾ ਬੀਜੀ ਜਾਂਦੀ ਹੋਵੇ।

ਗਨਗੌਰਾਂ ਬੀਜਣ ਲਈ ਆਮ ਤੌਰ ਉੱਤੇ ਪੰਜ ਕੱਚੇ-ਪੱਕੇ ਬੇਕਾਰ ਪਏ ਭਾਂਡੇ ਜਾਂ ਕੁੱਜੇ-ਠੂਠੀਆਂ ਇਕੱਠੀਆਂ ਕਰ ਲਈਆਂ ਜਾਂਦੀਆਂ ਹਨ। ਇੱਕ ਵੱਡਾ ਭਾਂਡਾ ਜਾਂ ਮਿੱਟੀ ਦਾ ਕੰਡੀਰਾ ਲਿਆ ਜਾਂਦਾ ਹੈ, ਉਸ ਵਿੱਚ ਬੀਜੇ ਜੌਆਂ ਨੂੰ 'ਦੁਸਹਿਰਾ' ਕਿਹਾ ਜਾਂਦਾ ਹੈ। ਕਈ ਵਾਰ ਘਰਾਂ ਵਿੱਚ ਜਿੰਨੇ ਪੁੱਤਰ ਹੁੰਦੇ, ਓਨੀਆਂ ਹੀ ਗਨਗੌਰਾਂ ਬੀਜੀਆਂ ਜਾਂਦੀਆਂ ਅਤੇ ਵੱਡੇ ਭਾਂਡੇ ਦੀ ਥਾਂ ਕੱਚੇ ਵਿਹੜੇ ਵਿੱਚ 'ਦੁਸਹਿਰਾ' ਇੱਕ ਕਿਆਰੀ ਬਣਾ ਕੇ ਬੀਜਿਆ ਜਾਂਦਾ। ਜਿਨ੍ਹਾਂ ਪਰਵਾਰਾਂ ਵਿੱਚ ਪੁੱਤਰ ਨਾ ਹੁੰਦਾ, ਉਹ ਕਈ ਵਾਰ ਇਕੱਲਾ 'ਦੁਸਹਿਰਾ' ਬੀਜਦੇ। ਘਰ ਦੀ ਵੱਡੀ ਸੁਆਣੀ ਨੂੰਹਾਂ ਨੂੰ ਕੋਲ ਬਿਠਾ ਕੇ ਗਨਗੌਰਾਂ ਬੀਜਦੀ। ਜੌਂ ਮਿੱਟੀ ਵਿੱਚ ਰਲਾ ਲਏ ਜਾਂਦੇ ਅਤੇ ਭਾਂਡਿਆਂ ਵਿੱਚ ਪਾ ਦਿੱਤੇ ਜਾਂਦੇ, ਉਤੋਂ ਪਾਣੀ ਤਰੌਂਕ ਦਿੱਤਾ ਜਾਂਦਾ। ਇਨ੍ਹਾਂ ਕੁੱਜੇ-ਠੂਠੀਆਂ ਤੇ ਭਾਂਡਿਆਂ ਨੂੰ ਅਰਿੰਡ ਜਾਂ ਅੱਕ ਦੇ ਪੱਤਿਆਂ ਨਾਲ ਚੰਗੀ ਤਰ੍ਹਾਂ ਢੱਕ ਕੇ ਉਪਰੋਂ ਫੇਰ ਕਿਸੇ ਮੋਟੇ-ਪੁਰਾਣੇ ਕੱਪੜੇ ਜਾਂ ਬੋਰੀ ਨਾਲ ਇਕੱਠਿਆਂ ਢੱਕ ਦਿੱਤਾ ਜਾਂਦਾ ਅਤੇ ਕਿਤੇ ਸੁਰੱਖਿਅਤ ਥਾਂ ਰੱਖ ਦਿੱਤਾ ਜਾਂਦਾ। ਗਨਗੌਰਾਂ ਵਾਲੇ ਦਿਨ ਕੌੜੇ ਅੱਕ ਦੇ ਪੱਤਿਆਂ ਦੀ ਬੜੀ ਪੁੱਛ ਪੈਂਦੀ, ਜਿਸ ਨੂੰ ਔੜਾਂ-ਉਜਾੜਾਂ 'ਚ ਖੜ੍ਹੇ ਨੂੰ ਸਾਲ ਭਰ ਕੋਈ ਨਾ ਪੁੱਛਦਾ। ਗਨਗੌਰਾਂ ਦੇ ਦਿਨੀਂ ਅੱਕ ਦੂਰ-ਪਾਰ ਦੇ ਖੇਤਾਂ ਵਿੱਚੋਂ ਲੱਭ ਕੇ ਲਿਆਉਂਦੇ।

ਜੌਂ ਉਗਣ ਲੱਗਦੇ ਤਾਂ ਰਾਤ ਨੂੰ ਉਨ੍ਹਾਂ ਨੂੰ ਚੁੱਕ ਕੇ ਤ੍ਰੇਲ ਵਿੱਚ ਰੱਖਿਆ ਜਾਂਦਾ ਤੇ ਧੁੱਪ ਚੜ੍ਹਨ ਤੋਂ ਪਹਿਲਾਂ ਫਿਰ ਛਾਂ ਵਿੱਚ ਕਰ ਦਿੱਤਾ ਜਾਂਦਾ। ਗਨਗੌਰਾਂ ਆਮ ਤੌਰ 'ਤੇ ਕੋਠੇ ਜਾਂ ਚੁਬਾਰੇ ਦੇ ਬਰਾਂਡੇ 'ਚ ਰੱਖੀਆਂ ਜਾਂਦੀਆਂ, ਰਾਤ ਨੂੰ ਕੋਠੇ ਉਤੇ ਰੱਖੀਆਂ ਜਾਂਦੀਆਂ। ਕਈਆਂ ਦੀਆਂ ਗਨਗੌਰਾਂ 'ਸੂਤ ਕੱਤ ਕੇ' ਭਾਵ ਚਿੱਟੇ ਜਿਹੇ ਧਾਗੇ ਬਣ ਕੇ ਰਹਿ ਜਾਂਦੀਆਂ ਜਾਂ ਕਈ ਵਾਰ 'ਤੂਈਆਂ ਕੱਢ ਕੇ' ਥੋੜ੍ਹੀਆਂ ਜਿਹੀਆਂ ਪੁੰਗਰ ਕੇ ਰਹਿ ਜਾਂਦੀਆਂ। ਕਦੇ-ਕਦੇ ਇਹ ਪੱਲਰ ਕੇ ਪੀਲੀਆਂ ਪੈ ਜਾਂਦੀਆਂ ਸਨ। ਪੱਲਰੀਆਂ, ਹਰੀਆਂ ਕਚੂਰ ਗਨਗੌਰਾਂ ਤੋਂ ਪੱਤੇ ਤੇ ਕੱਪੜੇ ਚੁੱਕ ਦਿੱਤੇ ਜਾਂਦੇ, ਉਹ ਫਿਰ ਛਾਵੇਂ ਹੀ ਰਹਿੰਦੀਆਂ, ਸਵੇਰੇ ਉਨ੍ਹਾਂ ਨੂੰ ਪਾਣੀ ਜ਼ਰੂਰ ਦਿੱਤਾ ਜਾਂਦਾ। ਕਈ ਘਰਾਂ ਦੀਆਂ ਗਨਗੌਰਾਂ ਹਰੀਆਂ ਕਚੂਰ ਗਿੱਠ-ਡੇਢ ਗਿੱਠ ਲੰਮੀਆਂ ਹੋ ਜਾਂਦੀਆਂ ਅਤੇ ਕਿਸੇ ਦੇ ਬਹੁਤ ਮਰੀਆਂ ਜਿਹੀਆਂ ਹੁੰਦੀਆਂ। ਹਰੀਆਂ-ਭਰੀਆਂ ਲੰਮੀਆਂ ਗਨਗੌਰਾਂ ਨੂੰ ਖੁਸ਼ਹਾਲੀ ਦਾ ਸੁਨੇਹਾ ਮੰਨਿਆ ਜਾਂਦਾ ਤੇ ਕੁਮਲਾਈਆਂ ਅੱਧ ਪੱਲਰੀਆਂ ਨੂੰ ਮੰਦਹਾਲੀ ਦਾ ਸੰਦੇਸ਼ ਮੰਨਿਆ ਜਾਂਦਾ, ਪਰ ਅਸਲ ਵਿੱਚ ਇਹ ਬੀਜਣ-ਸਾਂਭਣ ਵਾਲੀ ਦੇ ਸੁਚੱਜ 'ਤੇ ਵੀ ਨਿਰਭਰ ਹੁੰਦਾ ਹੈ। ਸਮੇਂ ਸਿਰ ਧੁੱਪੇ-ਛਾਵੇਂ ਕਰਨਾ ਤੇ ਪਾਣੀ ਦੇਣਾ ਜ਼ਰੂਰੀ ਹੁੰਦਾ।



ਦੁਸਹਿਰੇ ਤੋਂ ਪਹਿਲਾਂ ਚੌਲਾਂ ਦੇ ਆਟੇ ਦੀਆਂ ਪਿੰਨੀਆਂ ਬਣਾਈਆਂ ਜਾਂਦੀਆਂ। ਕੋਈ ਉਨ੍ਹਾਂ ਵਿੱਚ ਘਰ ਦਾ ਕੱਢਿਆ ਖੋਆ ਵੀ ਪਾ ਲੈਂਦਾ। ਕੋਈ ਸੁਆਣੀ ਪੰਜੀਰੀ ਰਲਾ ਲੈਂਦੀ। ਦੁਸਹਿਰੇ ਤੋਂ ਪਹਿਲੇ ਦਿਨ ਤੜਕੇ, ਮੂੰਹ ਹਨ੍ਹੇਰੇ ਉਹ ਗਨਗੌਰਾਂ ਚੱਕਲੀ ਸਮੇਤ ਭਾਂਡਿਆਂ ਵਿੱਚੋਂ ਕੱਢ ਲੈਣੀਆਂ ਤੇ ਧੋਤੇ-ਸੁਆਰੇ ਸਾਫ ਤਸਲੇ ਵਿੱਚ ਰੱਖ ਦੇਣੀਆਂ। ਗਨਗੌਰਾਂ ਦਾ 'ਦੁਸਹਿਰੇ' ਵਾਲਾ ਵੱਡਾ ਭਾਂਡਾ ਨਾ ਛੇੜਿਆ ਜਾਂਦਾ, ਉਹ ਜਿਉਂ ਦਾ ਤਿਉਂ ਘਰ ਵਿੱਚ ਰੱਖਿਆ ਜਾਂਦਾ। ਸਾਰੇ ਘਰਾਂ ਦੇ ਜੁਆਕ ਤੜਕੇ ਹੀ ਨਹਾ-ਧੋ ਕੇ ਤਿਆਰ ਹੋ ਜਾਂਦੇ। ਜਿਨ੍ਹਾਂ ਨੇ 'ਸਾਂਝੀ' ਅਤੇ 'ਬਰੋਟੇ' ਲਾਏ ਹੁੰਦੇ, ਉਹ ਕੁਝ ਟਿੱਕੀਆਂ ਰੱਖ ਕੇ ਬਾਕੀ ਤਸਲਿਆਂ ਵਿੱਚ ਪਾ ਲੈਂਦੀਆਂ। ਕਈ ਘਰਾਂ ਵਿੱਚ ਪੂਰਾ ਬਰੋਟਾ ਰੱਖ ਲਿਆ ਜਾਂਦਾ। ਸਾਂਝੀ ਤੇ ਬਰੋਟਾ ਵੀ ਗਨਗੌਰਾਂ ਬੀਜਣ ਵਾਲੇ ਦਿਨ ਹੀ ਲਾਏ ਹੁੰਦੇ। ਗਨਗੌਰਾਂ ਤੇ ਸਾਂਝੀ-ਬਰੋਟਾ ਪਿੰਡ ਦੇ ਛੱਪੜ ਜਾਂ ਟੋਭੇ ਜਾਂ ਇਨ੍ਹਾਂ ਦੇ ਨਾ ਹੋਣ 'ਤੇ ਨਾਲ ਵਗਦੇ ਨਦੀ-ਨਹਿਰ ਵਿੱਚ ਤਾਰੇ ਜਾਂਦੇ। ਇਸ ਦਿਨ ਟੋਭੇ ਉਤੇ ਕਿਸੇ ਚੰਗੇ 'ਪਿਕਨਿਕ ਸਪੌਟ' ਜਿਹੀ ਰੌਣਕ ਹੁੰਦੀ। ਉਥੇ ਬੱਚੇ ਵੀ ਹੁੰਦੇ ਤੇ ਵੱਡੇ ਵੀ। ਕਈ ਥਾਈਂ ਇਹ ਰਸਮ ਦੁਸਹਿਰੇ ਵਾਲੇ ਦਿਨ ਕੀਤੀ ਜਾਂਦੀ ਹੈ, ਭਾਵ ਦੁਸਹਿਰੇ ਨੂੰ ਗਨਗੌਰਾਂ ਪਾਣੀ ਵਿੱਚ ਤਾਰੀਆਂ ਜਾਂਦੀਆਂ ਹਨ। ਕੁਝ ਜੌਂ ਵਾਪਸ ਘਰ ਮੋੜ ਕੇ ਲਿਆਂਦੇ ਜਾਂਦੇ।

ਦੁਸਹਿਰੇ ਵਾਲੇ ਦਿਨ ਘਰ ਦੀਆਂ ਧੀਆਂ-ਭੈਣਾਂ ਭਰਾਵਾਂ ਦੇ ਅਤੇ ਘਰ ਦੇ ਵੱਡੇ ਬੰਦਿਆਂ ਬਾਪ, ਤਾਏ, ਚਾਚੇ ਦੀਆਂ ਪੱਗਾਂ ਵਿੱਚ 'ਦੁਸਹਿਰੇ' ਵਿੱਚੋਂ ਪੁੱਟ ਕੇ ਜੌਂ ਟੰਗਦੀਆਂ। ਛੋਟੇ ਬਾਲਾਂ ਦੇ ਜੂੜਿਆਂ 'ਚ ਜੌਂ ਟੰਗੇ ਜਾਂਦੇ ਅਤੇ ਕਿਸੇ ਦੀ ਜੇਬ 'ਚ ਪਾਏ ਜਾਂਦੇ। ਸਾਰੇ ਧੀਆਂ-ਭੈਣਾਂ ਨੂੰ ਸਰਦਾ-ਬਣਦਾ ਸ਼ਗਨ ਦਿੰਦੇ। ਲਾਗੀ-ਤੱਥੀ ਵੀ ਜੌਂ ਲੈ ਕੇ ਆਉਂਦੇ, ਉਨ੍ਹਾਂ ਨੂੰ ਕਣਕ, ਗੁੜ, ਮੱਕੀ ਤੇ ਪੰਜ-ਦਸ ਰੁਪਏ ਦਿੱਤੇ ਜਾਂਦੇ। ਉਨ੍ਹਾਂ ਨੂੰ ਕੋਈ ਚੌਲ, ਸ਼ੱਕਰ, ਬੂਰਾ ਤੇ ਰੋਟੀ ਵੀ ਦੇ ਦਿੰਦਾ ਤਾਂ ਉਹ ਅਸੀਸਾਂ ਦਿੰਦੇ ਜਾਂਦੇ। ਇਸ ਤਰ੍ਹਾਂ ਗਨਗੌਰਾਂ ਦੁਸਹਿਰੇ ਤੋਂ ਬਿਨਾਂ ਵੀ ਛੋਟਾ ਜਿਹਾ ਤਿਉਹਾਰ ਬਣ ਜਾਂਦੀਆਂ। ਅੱਜ ਸ਼ਹਿਰੀਂ ਆ ਵਸੇ ਪੇਂਡੂ ਲੋਕ ਬਹੁਤਾ ਕਰਕੇ ਗਨਗੌਰਾਂ ਬੀਜਣੀਆਂ ਛੱਡ ਚੁੱਕੇ ਹਨ, ਪਰ ਉਹ ਹਰੀਆਂ-ਕਚੂਰ ਗਨਗੌਰਾਂ ਮੇਰੇ ਚੇਤੇ ਵਿੱਚ ਅੱਜ ਵੀ ਲਹਿ-ਲਹਾਉਂਦੀਆਂ ਹਨ ਜਿਨ੍ਹਾਂ ਦਾ ਸਾਡੀ ਅਗਲੀ ਪੀੜ੍ਹੀ ਨੂੰ ਪਤਾ ਹੀ ਨਹੀਂ ਲੱਗਣਾ ਕਿ ਗਨਗੌਰਾਂ ਕੀ ਹੁੰਦੀਆਂ ਹਨ?

# ਇਸ ਰਾਹ ਦੇ ਨਾਂਅ ਲਿਖੋ ਇੱਕ ਸ਼ਾਮ ਹੋਰ

-ਜਗਵਿੰਦਰ ਜੋਧਾ

ਹਿੰਦੀ ਦਾ ਉਘਾ ਸ਼ਾਇਰ ਦੁਸ਼ਿਅੰਤ ਕੁਮਾਰ 42 ਸਾਲ ਜੀਵਿਆ ਤੇ ਉਸ ਨੂੰ ਸਦਾ ਲਈ ਵਿਦਾ ਹੋਇਆਂ 44 ਸਾਲ ਹੋ ਚੁੱਕੇ ਹਨ, ਪਰ ਉਸ ਦੀ ਮਕਬੂਲੀਅਤ ਇਨ੍ਹਾਂ 44 ਸਾਲਾਂ 'ਚ ਏਨੀ ਵਧੀ ਕਿ ਉਹ ਹਿੰਦੀ ਦਾ ਹੀ ਨਹੀਂ ਸਗੋਂ ਹਰ ਭਾਸ਼ਾ ਦੀ ਕਵਿਤਾ ਦਾ ਸਮਕਾਲੀ ਹੈ। ਉਸ ਦਾ ਜਨਮ ਯੂ ਪੀ ਦੇ ਬਿਜਨੌਰ ਖੇਤਰ ਵਿਚ 22 ਸਤੰਬਰ 1933 ਨੂੰ ਹੋਇਆ, ਪਰ ਕਾਗਜ਼ਾਂ ਵਿੱਚ ਇੱਕ ਸਤੰਬਰ ਲਿਖਿਆ ਗਿਆ। ਉਹ ਆਪਣੇ ਤੰਗਦਸਤੀ ਦੇ ਦੌਰ 'ਚ ਦੋਸਤਾਂ ਨੂੰ ਕਿਹਾ ਕਰਦਾ ਸੀ ਕਿ ਭਲਾ ਹੋਇਆ ਪਹਿਲੀ ਤਰੀਕ ਲਿਖੀ ਗਈ, ਘੱਟੋ ਘੱਟ ਇਸ ਦਿਨ ਤਨਖਾਹ ਦੇ ਪੈਸਿਆਂ ਨਾਲ ਪਾਰਟੀ ਹੋ ਜਾਏਗੀ, 22 ਤਰੀਕ ਤੱਕ ਤਾਂ ਮਾਯੂਸੀ ਪੱਲੇ ਰਹਿ ਜਾਂਦੀ ਹੈ। ਉਸ ਦਾ ਪਿਤਾ ਜਗੀਰਦਾਰ ਹੋਣ ਦੇ ਨਾਲ ਕਵੀ ਵੀ ਸੀ। ਕਥਾ ਮੁਤਾਬਕ ਬਿਜਨੌਰ ਇਲਾਕੇ 'ਚ ਦੁਸ਼ਿਅੰਤ ਤੇ ਸ਼ਕੁੰਤਲਾ ਦਾ ਪਿਆਰ ਪਰਵਾਨ ਚੜ੍ਹਿਆ ਸੀ। ਇਸੇ ਪ੍ਰਭਾਵ ਅਧੀਨ ਪਿਤਾ ਨੇ ਉਸ ਦਾ ਨਾਂਅ ਦੁਸ਼ਿਅੰਤ ਰੱਖਿਆ। ਕਾਲਜ ਦੀ ਪੜ੍ਹਾਈ ਦੌਰਾਨ ਕਵਿਤਾ ਲਿਖਦਿਆਂ ਦੁਸ਼ਿਅੰਤ ਪਰਦੇਸੀ ਉਪਨਾਮ ਨਾਲ ਛਪਿਆ। ਜਦੋਂ ਆਪਣੀ ਨੌਕਰੀ ਦੇ ਸਿਲਸਿਲੇ ਵਿੱਚ ਦੁਸ਼ਿਅੰਤ ਭੋਪਾਲ ਆਇਆ ਤਾਂ ਸਭ ਕੁਝ ਬਦਲ ਗਿਆ। ਉਸ ਤੋਂ ਪਹਿਲਾਂ ਉਸ ਨੇ ਨਾਟਕ ਲਿਖੇ ਸਨ, ਨਾਵਲ 'ਤੇ ਕਲਮ ਅਜ਼ਮਾਈ ਤੇ ਉਸ ਦੌਰ ਵਿੱਚ ਪ੍ਰਚੱਲਤ ਛਾਇਆਵਾਦ ਤੋਂ ਪ੍ਰਭਾਵਤ ਕਵਿਤਾਵਾਂ ਲਿਖੀਆਂ ਸਨ। ਰੇਡੀਓ ਦੀ ਨੌਕਰੀ ਕਾਰਨ ਅਨੁਵਾਦ ਵਿੱਚ ਉਸ ਦੀ ਦਿਲਚਸਪੀ ਜਾਗੀ, ਪਰ ਉਹ ਅਜਿਹਾ ਨਹੀਂ ਲਿਖ ਸਕਿਆ, ਜੋ ਉਸ ਦੇ ਅੰਤਰਮਨ ਦੀ ਪੇਸ਼ਕਾਰੀ ਕਰ ਸਕਿਆ ਹੋਵੇ, ਜਾਂ ਜਿਸ 'ਚੋਂ ਉਸ ਦਾ ਸਮਕਾਲ ਜੀਵੰਤ ਹੁੰਦਾ ਹੋਵੇ।

ਮੈਂ ਜਿਸੇ ਓੜ੍ਹਤਾ-ਬਿਛਾਤਾ ਹੂੰ,
ਵੋ ਗ਼ਜ਼ਲ ਆਪਕੋ ਸੁਨਾਤਾ ਹੂੰ।

ਕਾਲਜ ਦੀ ਪੜ੍ਹਾਈ ਦੌਰਾਨ ਦੁਸ਼ਿਅੰਤ ਕਾਵਿ ਸੰਮੇਲਨਾਂ 'ਚ ਜਾਣ ਲੱਗਿਆ। ਹੱਦ ਦਰਜੇ ਦਾ ਸਵੈਮਾਨੀ ਤੇ ਰੋਸ ਨਾਲ ਭਰੇ ਲਾਲ ਅੱਖਾਂ ਵਾਲੇ ਚਿਹਰੇ ਨਾਲ ਤੇ ਤਰੰਨੁਮ ਦੋਵਾਂ ਤਰ੍ਹਾਂ ਕਵਿਤਾ ਪੜ੍ਹਦਾ। ਇੱਕ ਵਾਰ ਕਵਿਤਾ ਪੜ੍ਹਨ ਲਈ ਕਾਨਪੁਰ ਗਿਆ। ਕਵੀਆਂ ਲਈ ਰਾਤ ਦੀ ਰੋਟੀ ਦਾ ਪ੍ਰਬੰਧ ਸੇਠ ਦੇ ਘਰ ਕੀਤਾ ਗਿਆ। ਸੇਠ ਨੇ ਕਿਹਾ ਕਿ ਸ਼ਰਾਬੀ ਕਵੀਆਂ ਨੂੰ ਮੇਰੇ ਘਰ ਨਾ ਲਿਆਇਓ। ਮੇਰੇ ਘਰ ਦੇ ਕੀਮਤੀ ਕਲੀਨ ਗੰਦੇ ਕਰਨ ਦੀ ਕਿਸੇ ਨੂੰ ਆਗਿਆ ਨਹੀਂ। ਦੁਸ਼ਿਅੰਤ ਨੇ ਸੇਠ ਦੇ ਘਰ ਜਾਣ ਤੋਂ ਮਨ੍ਹਾ ਕਰ ਦਿੱਤਾ ਤੇ ਸੇਠ ਦੇ ਇੱਕ ਨੌਕਰ ਹੱਥ ਇੱਕ ਰੁੱਕਾ ਭੇਜਿਆ, ਜਿਸ ਉਪਰ ਇੱਕ ਸ਼ਿਅਰ ਲਿਖਿਆ ਸੀ :

ਆਪਕਾ ਕਾਲੀਨ ਦੇਖੇਂਗੇ ਕਿਸੀ ਦਿਨ
ਇਸ ਸਮਯ ਤੋ ਪਾਂਵ ਕੀਚੜ ਮੇਂ ਸਨੇ ਹੈਂ।

ਇਹ ਦੁਸ਼ਿਅੰਤ ਦੀਆਂ ਬੇਹੱਦ ਹਰਮਨ ਪਿਆਰੀਆਂ ਗ਼ਜ਼ਲਾਂ 'ਚੋਂ ਇੱਕ ਹੈ। ਭੋਪਾਲ ਆ ਕੇ ਉਹ ਕਮਲੇਸ਼ਵਰ ਦਾ ਮਿੱਤਰ ਬਣਿਆ। ਇਹ ਮਿੱਤਰਤਾ ਉਸ ਤੋਂ ਬਾਅਦ ਦੁਸ਼ਿਅੰਤ ਦੇ ਬਾਕੀ ਜ਼ਿੰਦਗੀ ਦਾ ਹਾਸਲ ਬਣੀ ਰਹੀ। ਉਹ ਭੋਪਾਲ ਦੇ ਸਾਹਿਤਕ ਹਲਕਿਆਂ 'ਚ ਵਿਚਰਨ ਲੱਗਾ ਜਿੱਥੇ ਉਸ ਸਮੇਂ ਉਰਦੂ ਦੀ ਤਰੱਕੀ ਪਸੰਦ ਤਹਿਰੀਕ ਦਾ ਬੋਲਬਾਲਾ ਸੀ। ਵਿਸ਼ੇਸ਼ ਕਰ ਕੇ ਦੋ ਗ਼ਜ਼ਲਗੋ ਕੈਫ਼ ਭੋਪਾਲੀ ਅਤੇ ਰਾਜ ਭੋਪਾਲੀ ਪ੍ਰਗਤੀਸ਼ੀਲ ਮੁਹਾਵਰੇ ਨੂੰ ਗਜ਼ਲ ਰੂਪ ਵਿੱਚ ਬੰਨ੍ਹ ਕੇ ਇਨਕਲਾਬੀ ਹਲਕਿਆਂ ਵਿੱਚ ਵੀ ਭੱਲ ਬਣਾ ਰਹੇ ਸਨ। ਹਿੰਦੀ ਕਵਿਤਾ ਦਾ ਖੇਤਰ ਅਗਿਏਯ ਅਤੇ ਮੁਕਤੀਬੋਧ ਦੇ ਕਾਵਿ ਦਰਸ਼ਨ ਨੂੰ ਸਮਝਣ ਦੇ ਆਹਰ ਵਿੱਚ ਸੀ। ਧੂਮਿਲ ਨੇ ਨਾਗਰਜੁਨ ਦਾ ਵੀ ਵਿਸ਼ੇਸ਼ ਪਾਠਕ ਵਰਗ ਸੀ। ਇਸ ਸਾਰੇ ਦ੍ਰਿਸ਼ ਵਿੱਚ ਸਮੋਅ ਕੇ ਨਵੇਂ ਕਵੀ ਆਪਣੇ ਲਈ ਜਗ੍ਹਾ ਬਣਾ ਰਹੇ ਸਨ। ਦੁਸ਼ਿਅੰਤ ਨੇ ਇਨ੍ਹਾਂ ਸਭ ਤੋਂ ਪ੍ਰਭਾਵ ਲਿਆ, ਪਰ ਕਿਸੇ ਵਰਗਾ ਨਹੀਂ ਬਣਿਆ। ਉਸ ਨੇ ਆਪਣਾ ਰਾਹ ਆਪ ਬਣਾਇਆ। ਉਸ ਨੇ ਪ੍ਰਗਤੀਵਾਦੀ ਵਿਚਾਰਧਾਰਾ ਤੋਂ ਪ੍ਰਤੀਰੋਧ ਦੀ ਭਾਵਨਾ ਲਈ, ਗਜ਼ਲ ਦਾ ਰੂਪ ਲਿਆ ਤੇ ਕਵਿਤਾ ਤੋਂ ਦਾਰਸ਼ਨਿਕ ਗਹਿਰਾਈ ਲਈ ਉਹ ਕਮਲੇਸ਼ਵਰ ਦੇ ਰਸਾਲੇ ਲਈ ਲਗਾਤਾਰ ਲਿਖਣ ਲੱਗਿਆ। ਇੱਕ ਸਾਲ ਦੇ ਅੰਦਰ ਹਾਲਤ ਇਹ ਸੀ ਕਿ ਜਿਸ ਅੰਕ ਵਿੱਚ ਦੁਸ਼ਿਅੰਤ ਦੀਆਂ ਦੋ ਗਜ਼ਲਾਂ ਵਾਲਾ ਵਿਸ਼ੇਸ਼ ਕਾਲਮ ਨਹੀਂ ਛਪਦਾ ਸੀ, ਉਸ ਅੰਕ ਦੀ ਕਾਊਂਟਰ ਵਿਕਰੀ ਅੱਧੀ ਰਹਿ ਜਾਂਦੀ।

ਉਰਦੂ ਦੇ ਟਕਸਾਲੀ ਗਜ਼ਲਕਾਰ ਹਿੰਦੋਸਤਾਨ ਦੀਆਂ ਬਾਕੀ ਭਾਸ਼ਾਵਾਂ ਵਿੱਚ ਲਿਖੀ ਗਜ਼ਲ ਨੂੰ 'ਗਜ਼ਲ ਕੀ ਮਗਜ਼ਾਲੀ' ਕਹਿ ਕੇ ਰੱਦ ਕਰ ਦਿੰਦੇ ਸਨ। ਉਨ੍ਹਾਂ ਦਾ ਸਨਾਤਨੀ ਵਿਧਾਨ ਫਾਰਸੀ ਤੇ ਫਿਰ ਉਰਦੂ ਲਈ ਮੁਆਫਕ ਸੀ। ਵਿਸ਼ਿਆਂ ਪੱਖੋਂ ਵੀ ਉਹ ਪਰੰਪਰਾ ਵਿੱਚੋਂ ਤਰਸ, ਲਾਚਾਰਗੀ, ਬੇਬਸੀ, ਤਿਆਗ, ਬੇਵਫਾਈ ਆਦਿ ਨੂੰ ਚੁਣਦੇ ਸਨ। ਗਜ਼ਲ ਨੂੰ ਸਿਨਫ-ਏ-ਨਾਜ਼ੁਕ ਕਹਿ ਕੇ ਉਸ ਵਿੱਚ ਕਿਸੇ ਸੰਘਰਸ਼ ਦੀ ਗੱਲ ਕਰਨੀ ਗੁਨਾਹ ਦਾ ਕਾਰਜ ਸੀ। ਹਿੰਦੀ ਦੀ ਕਵਿਤਾ ਨੂੰ ਤਾਂ ਪੰਡਿਤਾਊ ਸ਼ਬਦਾਵਲੀ ਕਹਿ ਕੇ ਮਜ਼ਾਕ ਉਡਾਇਆ ਜਾਂਦਾ ਸੀ। ਫਿਰਾਕ ਗੋਰਖਪੁਰੀ ਨੇ ਕਈ ਮੰਚਾਂ ਤੋਂ ਹਿੰਦੀ ਕਵੀ ਸੂਰਿਆਕਾਂਤ ਤ੍ਰਿਪਾਠੀ ਨਿਰਾਲਾ ਦੀਆਂ ਕਵਿਤਾਵਾਂ ਸੁਣਾ ਕੇ ਸਰੋਤਿਆਂ ਨੂੰ ਹਸਾਇਆ। ਅਜਿਹੀ ਹਾਲਤ ਵਿੱਚ ਦੁਸ਼ਿਅੰਤ ਨੇ ਬੜਾ ਸੁਚੇਤ ਹੋ ਕੇ ਗੰਗਾ-ਯਮੁਨੀ ਤਹਿਜ਼ੀਬ ਵੱਲ ਰੁਖ਼ ਕੀਤਾ। ਉਸ ਨੇ ਕਿਤਾਬ ਦੀ ਭੂਮਿਕਾ ਵਿੱਚ ਲਿਖਿਆ-''ਮੈਂ ਉਰਦੂ ਨਹੀਂ ਜਾਣਦਾ, ਪਰ ਇਥੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਅਗਿਆਨਤਾ ਵੱਸ ਨਹੀਂ, ਜਾਣ ਕੇ ਹੋਈ ਹੈ। ਕੋਈ ਔਖਾ ਨਹੀਂ ਸੀ ਜੇ ਮੈਂ ਸ਼ਹਿਰ ਨੂੰ ਨਗਰ ਲਿਖ ਕੇ ਇਸ ਐਬ ਤੋਂ ਛੁਟਕਾਰਾ ਪਾ ਲੈਂਦਾ, ਪਰ ਮੈਂ ਉਰਦੂ ਦੇ ਸ਼ਬਦ ਉਸੇ ਰੂਪ ਵਿੱਚ ਵਰਤੇ ਜਿਸ ਰੂਪ ਵਿੱਚ ਉਹ ਹਿੰਦੀ 'ਚ ਰਲ-ਮਿਲ ਗਏ ਹਨ।''

ਜੀਏਂ ਤੋ ਅਪਨੇ ਬਗੀਚੇ ਮੇਂ ਗੁਲਮੋਹਰ ਕੇ ਤਲੇ,
ਮਰੇਂ ਤੋ ਗ਼ੈਰ ਕੀ ਗਲੀਓਂ ਮੇਂ ਗੁਲਮੋਹਰ ਕੇ ਲੀਏ।

ਦੁਸ਼ਿਅੰਤ ਨੇ ਗਜ਼ਲ ਨੂੰ ਬੋਲਚਾਲ ਦੀ ਭਾਸ਼ਾ ਨਾਲ ਜੋੜਿਆ। ਇਸ ਲਈ ਆਮ ਮਨੁੱਖ ਦੀ ਗੱਲ ਆਮ ਮਨੁੱਖ ਦੇ ਲਹਿਜ਼ੇ ਵਿੱਚ ਉਸ ਦੇ ਦੁੱਖਾਂ-ਸੁੱਖਾਂ, ਮੁਸੀਬਤਾਂ, ਮਜਬੂਰੀਆਂ ਤੇ ਇੱਛਾਵਾਂ ਸਮੇਤ ਹੋਈ। ਉਸ ਨੇ ਆਪਣੇ ਇੱਕ ਲੇਖ ਵਿੱਚ ਮੰਨਿਆ ਵੀ ਹੈ ਕਿ ਅਮੀਰ ਖੁਸਰੋ ਵਾਲੀ ਭਾਸ਼ਾ ਉਸ ਨੂੰ ਪੋਹਦੀ ਹੈ। ਉਰਦੂ ਦਾ ਇੱਕ ਕਾਵਿਕ ਵਿਧਾਨ ਤੇ ਹਿੰਦਵੀ ਦੀ ਲੋਕ ਭਾਸ਼ਾ ਲੈ ਕੇ ਦੁਸ਼ਿਅੰਤ ਨੇ ਆਪਣੀ ਗਜ਼ਲ ਦਾ ਮੁਹਾਵਰਾ ਬਣਾਇਆ। ਉਸ ਦੀ ਰਾਜਸੀ ਸੂਝ ਇਸ ਸਾਰੇ ਵਰਤਾਰੇ ਪ੍ਰਤੀ ਸਾਧਾਰਨ ਮਨੁੱਖ ਦੀਆਂ ਸਮੱਸਿਆਵਾਂ ਵੱਲ ਮੂੰਹ ਕਰ ਕੇ ਆਪਣੀ ਗੱਲ ਕਹਿਣ ਵਿੱਚ ਸਫਲ ਹੋਈ:

ਯੇ ਸਾਰਾ ਜਿਸਮ ਝੁਕ ਕਰ ਬੋਝ ਸੇ ਦੁਹਰਾ ਹੁਆ ਹੋਗਾ
ਮੈਂ ਸਜਦੇ ਮੇਂ ਨਹੀਂ ਥਾ ਆਪ ਕੋ ਧੋਖਾ ਹੁਆ ਹੋਗਾ
**
ਯਹਾਂ ਤਕ ਆਤੇ ਆਤੇ ਸੂਖ ਜਾਤੀ ਹੈਂ ਕਈ ਨਦੀਆਂ
ਮੁਝੇ ਮਾਲੂਮ ਹੈ ਪਾਨੀ ਕਹਾਂ ਠਹਿਰਾ ਹੁਆ ਹੋਗਾ
**
ਭੂਖ ਹੈ ਤੋ ਸਬਰ ਕਰ, ਰੋਟੀ ਨਹੀਂ ਤੋ ਕਿਆ ਹੁਆ
ਆਜਕਲ ਦਿੱਲੀ ਮੇਂ ਹੈ ਜ਼ੇਰੇ-ਬਹਿਸ ਏ ਮੁੱਦਾ
**
ਇਸ ਸ਼ਹਿਰ ਮੇਂ ਅਬ ਕੋਈ ਬਾਰਾਤ ਹੋ ਯਾ ਵਾਰਦਾਤ
ਅਬ ਕਿਸੇ ਭੀ ਬਾਤ, ਪਰ ਖੁਲਤੀ ਨਹੀਂ ਹੈਂ ਖਿੜਕੀਆਂ।

70ਵਿਆਂ ਤੱਕ ਆਉਂਦੇ-ਆਉਂਦੇ ਆਜ਼ਾਦੀ ਦਾ ਸੁਫਨਾ ਚਰਮਰਾ ਗਿਆ ਸੀ। ਨਵੇਂ ਦੇਸ਼ ਦੀ ਸਿਰਜਣਾ ਦਾ ਨਹਿਰੂ ਮਾਡਲ ਬਸਤੀਵਾਦੀ ਤਰਜ਼ ਦੀ ਲਾਲੀ ਫੀਤਾਸ਼ਾਹੀ ਵਿੱਚ ਕੈਦ ਹੋ ਗਿਆ। ਨਵੀਂ ਦੁਨੀਆ ਦੀ ਸਿਰਜਣਾ ਦਾ ਰੂਸੀ ਮਾਡਲ ਦੂਜੀ ਆਲਮੀ ਜੰਗ ਤੋਂ ਬਾਅਦ ਫਿੱਕਾ ਪੈਂਦਾ ਪੈਂਦਾ ਬਦਰੰਗ ਹੋ ਗਿਆ ਸੀ। ਇਹੀ ਉਹ ਦੌਰ ਹੈ ਜਦੋਂ ਫਰਾਂਸ ਵਿੱਚ ਚੱਲੇ ਵਿਦਿਆਰਥੀ ਘੋਲ ਵਿੱਚ ਓਥੋਂ ਦਾ ਨੌਜਵਾਨ ਵਧ-ਚੜ੍ਹ ਕੇ ਹਿੱਸਾ ਲੈ ਰਹੇ ਸੀ। ਵੀਅਤਨਾਮ ਬਨਾਮ ਅਮਰੀਕਾ ਦੇ ਸਿਆਸੀ ਦਵੰਧ ਨੇ ਉਥੋਂ ਦੀ ਨਵੀਂ ਨਸਲ ਸਾਹਵੇਂ ਨਵੇਂ ਸਵਾਲ ਖੜ੍ਹੇ ਕੀਤੇ ਹੋਏ ਸਨ। ਕਿਊਬਨ ਕ੍ਰਾਂਤੀ ਦਾ ਸੂਤਰਧਾਰ ਚੀ ਗਵੇਰਾ ਲਾਤੀਨੀ ਅਮਰੀਕਾ ਦੀ ਜਵਾਨੀ ਨੂੰ ਇਨਕਲਾਬੀ ਹੁਲਾਰਾ ਦੇਣ ਵਿੱਚ ਸਫਲ ਰਿਹਾ ਸੀ ਤੇ ਭਾਰਤ ਦੀ ਬੇਚੈਨ ਜਵਾਨੀ ਨੇ ਹਥਿਆਰ ਚੁੱਕ ਕੇ ਤੰਤਰ ਨਾਲ ਸਿੱਧੀ ਟੱਕਰ ਦਾ ਮਨ ਬਣਾਇਆ ਸੀ। ਓਦੋਂ ਦੀ ਜਵਾਨੀ ਜਿਊਣ ਦੀ ਆਜ਼ਾਦੀ, ਮੁਹੱਬਤ ਲਈ ਸਮਾਨਤਾ ਤੇ ਆਰਥਿਕਤਾ ਵਿੱਚ ਬਰਾਬਰੀ ਦੀ ਅਣਹੋਂਦ ਕਾਰਨ ਰੋਹ ਭਰੀ ਪਈ ਸੀ। ਦੁਸ਼ਿਅੰਤ ਦਾ ਕਾਵਿ-ਨਾਵਿਕ ਸਮਾਜ ਦੇ ਇਸ ਸਾਹ ਘੁੱਟਵੇਂ ਧੂੰਏਂ ਨੂੰ ਪਾੜ ਦੇਣ ਦੀ ਫਿਰਾਕ ਵਿੱਚ ਹੈ। ਉਸ ਨੇ ਆਜ਼ਾਦੀ ਦੇ ਸੁਫਨੇ ਦੇ ਖੰਡਿਤ ਹੋਣ ਨੂੰ

ਕਹਾਂ ਤੋ ਤਯ ਥਾ ਚਰਾਗਾਂ ਹਰੇਕ ਘਰ ਕੇ ਲੀਏ
ਕਹਾਂ ਚਰਾਗ ਮਯੱਸਰ ਨਹੀਂ ਸ਼ਹਿਰ ਕੇ ਲੀਏ

ਦੇ ਖਿਆਲ ਰਾਹੀਂ ਪੇਸ਼ ਕੀਤਾ। ਇਹ ਉਸ ਸਮੇਂ ਚੁੱਪ ਦੀ ਭਿਆਨਕਤਾ ਦੇ ਬਦਲ ਵਜੋਂ ਆਮ ਨੌਜਵਾਨ ਦੇ ਅਹਿਸਾਸ ਸਨ ਤੇ ਭਵਿੱਖ ਦੀਆਂ ਹਥਿਆਰਬੰਦ ਲਹਿਰਾਂ ਦੇ ਸੰਕੇਤ ਵੀ।

ਉਹ ਖੁਦ ਕਿਸੇ ਵਿਦਰੋਹੀ ਲਹਿਰ ਦਾ ਹਿੱਸਾ ਨਹੀਂ ਬਣਿਆ, ਪਰ ਪ੍ਰਬੰਧ ਨੂੰ ਚੁਣੌਤੀ ਦੇਣ ਦੇ ਸਾਹਿਤਕ ਫਰਜ਼ ਤੋਂ ਅਵੇਸਲਾ ਵੀ ਨਹੀਂ ਹੋਇਆ। ਉਸ ਦੀਆਂ ਲਿਖੀਆਂ ਇਹ ਸਤਰਾਂ ਸਤੇ ਮਨੁੱਖ ਦੀ ਐਨ ਸਟੀਕ ਤਰਜ਼ਮਾਨੀ ਲਈ ਵਾਰ ਵਾਰ ਦੁਹਰਾਈਆਂ ਗਈਆਂ।

ਹੋ ਗਈ ਹੈ ਪੀਰ ਪਰਬਤ ਸੀ ਪਿਘਲਨੀ ਚਾਹੀਏ
ਇਸ ਹਿਮਾਲਯ ਸੇ ਕੋਈ ਗੰਗਾ ਨਿਕਲਨੀ ਚਾਹੀਏ
ਮੇਰੇ ਸੀਨੇ ਮੇਂ ਨਹੀਂ ਤੋ ਤੇਰੇ ਸੀਨੇ ਮੇਂ ਸਹੀ
ਹੋ ਕਹੀਂ ਭੀ ਆਗ, ਲੇਕਿਨ ਆਗ ਜਲਨੀ ਚਾਹੀਏ।

ਉਸ ਨੇ ਰਾਜਸੀ ਵਿਰੋਧ ਨੂੰ ਸੱਤਾ ਲਈ ਨੂਰਾ ਕੁਸ਼ਤੀ ਕਹਿ ਕੇ ਹਾਲਾਤ 'ਤੇ ਤਨਜ਼ ਕੀਤਾ :

ਸਿਰਫ ਹੰਗਾਮਾ ਖੜ੍ਹਾ ਕਰਨਾ ਮੇਰਾ ਮਕਸਦ ਨਹੀਂ
ਮੇਰੀ ਕੋਸ਼ਿਸ਼ ਹੈ ਕਿ ਯੇ ਸੂਰਤ ਬਦਲਨੀ ਚਾਹੀਏ।

ਬਾਅਦ ਵਿੱਚ ਜੈ ਪ੍ਰਕਾਸ਼ ਅੰਦੋਲਨ ਦੌਰਾਨ ਨੌਜਵਾਨਾਂ ਨੇ ਇਸ ਸ਼ਿਅਰ ਨੂੰ ਆਪਣਾ ਵਿਚਾਰਧਾਰਕ ਐਲਾਨ ਬਣਾ ਲਿਆ ਸੀ। ਉਸ ਦੀ ਬੇਚੈਨੀ ਆਰਥਿਕ ਨਾਬਰਾਬਰੀ ਦੇ ਰੂਪ ਵਿੱਚ ਹੀ ਸਾਕਾਰ ਨਹੀਂ ਹੁੰਦੀ ਸਗੋਂ ਸਮਾਜਕ ਵਖਰੇਵੇਂ ਵੀ ਦੁਸ਼ਿਅੰਤ ਦੀ ਸ਼ਾਇਰੀ ਦਾ ਉਘਾ ਪੱਖ ਨਹੀਂ। ਉਰਦੂ ਵਾਲਿਆਂ ਨੇ ਵੀ ਦੁਸ਼ਿਅੰਤ ਨੂੰ ਬਰਾਬਰ ਦੀ ਮਾਨਤਾ ਦਿੱਤੀ। ਨਿਦਾ ਫਾਜ਼ਲੀ ਨੇ ਭਾਰਤੀ ਗਜ਼ਲ 'ਚ ਦੁਸ਼ਿਅੰਤ ਨੂੰ ਸ਼ਾਮਲ ਕੀਤਾ ਤੇ ਉਸ ਦੀ ਸ਼ਾਇਰੀ ਦੇ ਜ਼ਿਕਰ ਬਿਨਾਂ ਆਜ਼ਾਦੀ ਤੋਂ ਬਾਅਦ ਦੇ ਭਾਰਤ ਦੀ ਅਸਲ ਤਸਵੀਰ ਅਧੂਰੀ ਰਹਿ ਜਾਣ ਦਾ ਸ਼ੰਕਾ ਜ਼ਾਹਿਰ ਕੀਤਾ।


ਦੁਸ਼ਿਅੰਤ ਦੀ ਸ਼ਾਇਰੀ ਉਸ ਦੀ ਮੌਤ ਤੋਂ ਥੋੜ੍ਹਾ ਚਿਰ ਪਹਿਲਾਂ ਕਿਤਾਬ ਰੂਪ ਵਿੱਚ ਛਪੀ। 1975 ਵਿੱਚ ਐਮਰਜੈਂਸੀ ਦੇ ਫੁਰਮਾਨ ਦੇ ਨਾਲ ਦੁਸ਼ਿਅੰਤ ਦੀ ਸ਼ਾਇਰੀ 'ਸਾਏ ਮੇਂ ਧੂਪ' ਦੇ ਨਾਂਅ ਹੇਠ ਛਪ ਕੇ ਆਈ। ਉਸੇ ਸਾਲ ਦਸੰਬਰ 'ਚ ਉਹ 42 ਸਾਲ ਦੀ ਉਮਰ ਵਿੱਚ ਇਸ ਦੁਨੀਆ ਤੋਂ ਰੁਖ਼ਸਤ ਹੋਇਆ। ਉਸ ਨੇ ਇੱਕ ਨਾਵਲ ਲਿਖਿਆ, ਦੋ ਕਿਤਾਬਾਂ ਕਵਿਤਾਵਾਂ ਦੀਆਂ ਵੀ ਮਿਲਦੀਆਂ ਹਨ ਅਤੇ ਕੁਝ ਨਾਟਕ ਵੀ, ਪਰ 'ਸਾਏ ਮੇਂ ਧੂਪ' ਦੇ 64 ਪੰਨਿਆਂ 'ਤੇ ਫੈਲਿਆ 52 ਗਜ਼ਲਾਂ ਨੇ ਦੁਸ਼ਿਅੰਤ ਨੂੰ ਅਮਰ ਕਰ ਦਿੱਤਾ। ਇੱਕ ਅੰਦਾਜ਼ੇ ਮੁਤਾਬਕ ਇਸ ਕਿਤਾਬ ਦੇ ਹੁਣ ਤੱਕ ਨੱਬੇ ਦੇ ਲਗਭਗ ਐਡੀਸ਼ਨ ਛਪੇ ਹਨ ਤੇ ਹਿੰਦੀ ਵਿੱਚ ਹੀ ਨਹੀਂ, ਭਾਰਤ ਦੀਆਂ ਸਾਰੀਆਂ ਜ਼ੁਬਾਨਾਂ 'ਚ ਛਪੀਆਂ ਕਿਤਾਬਾਂ ਵਿੱਚ ਸਿਖਰ ਦਾ ਥਾਂ ਰੱਖਦੀ ਹੈ।

ਯੇ ਜ਼ੁਬਾਂ ਹਮਸੇ ਸੀ ਨਹੀਂ ਜਾਤੀ,
ਜ਼ਿੰਦਗੀ ਹੈ ਕਿ ਜੀ ਨਹੀਂ ਜਾਤੀ।
**
ਦੇਖੀਏ ਉਸ ਤਰਫ ਉਜਾਲਾ ਹੈ,
ਜਿਸ ਤਰਫ ਰੌਸ਼ਨੀ ਨਹੀਂ ਜਾਤੀ।

ਗੱਲ ਸਿਰਫ ਛਪਣ ਗਿਣਤੀ ਦੀ ਵੀ ਨਹੀਂ, ਯੂਨੀਵਰਸਿਟੀਆਂ ਤੋਂ ਲੈ ਕੇ ਪਾਨ ਦੀਆਂ ਦੁਕਾਨਾਂ ਤੇ ਸੰਸਦ ਤੱਕ, ਖੱਬੇ ਪੱਖੀ ਮੰਚਾਂ ਤੋਂ ਲੈ ਕੇ ਅਟਲ ਬਿਹਾਰੀ ਵਾਜਪਾਈ ਦੇ ਭਾਸ਼ਣ ਤੱਕ, ਲਖਨਊ ਤੋਂ ਲੈ ਕੇ ਕਲਕੱਤਾ ਤੇ ਹੈਦਰਾਬਾਦ ਤੱਕ ਦੇ ਰੰਗ ਮੰਚ ਤੋਂ ਹਿੰਦੀ ਦੇ ਵਪਾਰਕ ਸਿਨੇਮੇ ਤੱਕ ਦੁਸ਼ਿਅੰਤ ਦੇ ਹਵਾਲੇ ਦੇ ਕੇ ਹਜ਼ਾਰਾਂ ਵਾਰ ਲੋਕਾਂ ਨੇ ਆਪਣੀ ਗੱਲ ਆਖੀ ਹੈ। ਪਿਛਲੇ ਸਾਲਾਂ ਵਿੱਚ ਬਣੀਆਂ ਫਿਲਮਾਂ 'ਇਰਾਦਾ' ਤੇ 'ਮਸਾਨ' ਵਿੱਚ ਦੁਸ਼ਿਅੰਤ ਦੀਆਂ ਗਜ਼ਲਾਂ ਆਈਆਂ ਤੇ ਨੌਜਵਾਨਾਂ ਵਿੱਚ ਬੇਹੱਦ ਮਕਬੂਲ ਹੋਈਆਂ। ਵਿਸ਼ੇਸ਼ ਤੌਰ 'ਤੇ ਫਿਲਮ 'ਮਸਾਨ' ਵਿੱਚ 'ਤੂ ਕਿਸੇ ਰੇਲ ਸੀ ਗੁਜ਼ਰਤੀ ਹੈ' ਗਜ਼ਲ ਹਰ ਜਵਾਨ ਮੁੰਡੇ-ਕੁੜੀ ਨੇ ਸੁਣੀ। ਇੱਕ ਵਾਰ ਫੇਰ ਦੁਸ਼ਿਅੰਤ ਨੂੰ ਜਾਣੇ ਜਾਣ ਦਾ ਮਾਹੌਲ ਬਣਿਆ। ਮੌਤ ਤੋਂ ਏਨੇ ਸਾਲਾਂ ਬਾਅਦ ਉਸ ਦਾ ਮੁੜ ਮੁੜ ਪ੍ਰਸੰਗਿਕ ਹੋਣਾ ਉਸ ਦੀ ਸੰਵੇਦਨਾ ਦੀ ਗਹਿਰਾਈ ਦਾ ਸਬੂਤ ਤਾਂ ਹੈ, ਨਾਲ ਭਾਰਤੀ ਲੋਕ ਤੇ ਸੱਤਾਤੰਤਰ ਦੇ ਸੰਬੰਧਾਂ ਪ੍ਰਤੀ ਉਸ ਦੇ ਅਹਿਸਾਸ ਦੀ ਸ਼ਿੱਦਤ ਦਾ ਜ਼ਾਮਨ ਵੀ ਹੈ। 2009 ਵਿੱਚ ਭਾਰਤ ਸਰਕਾਰ ਨੇ ਦੁਸ਼ਿਅੰਤ ਦੇ ਨਾਂਅ 'ਤੇ ਡਾਕ ਟਿਕਟ ਜਾਰੀ ਕੀਤੀ ਸੀ। ਅੱਜ ਵੀ ਉਹ ਕਈ ਪੀੜ੍ਹੀਆਂ ਦੇ ਬੋਲਾਂ 'ਚ ਜਿਊਂਦਾ ਹੈ ਤੇ ਨੇੜਲੇ ਭਵਿੱਖ ਵਿੱਚ ਬੋਲਾਂ ਵਿੱਚ ਵਸਦੇ ਦੁਸ਼ਿਅੰਤ ਦੇ ਹੋਰ ਜਵਾਨ ਹੋਣ ਦੀ ਭਰਪੂਰ ਉਮੀਦ ਹੈ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਂਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਪੰਜਾਬ ਵਿੱਚ ਸਮਾਨ ਵੇਚਦੇ ਫੇਰੀ ਵਾਲਿਆਂ ਲਈ ਵੀ ਆਈ ਕਾਰਡ ਜ਼ਰੂਰੀ!

ਬਲਾਚੌਰ, 7 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿੱਚ ਲਗਾਤਾਰ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਵਧਦੀਆਂ ਜਾਣ ਕਾਰਨ ਬਲਾਚੌਰ ਦੇ ਪਿੰਡ ਕੰਗਣਾ ਬੇਟ ਦੇ ਸਰਪੰਚ ਦੀ ਚਿੰਤਾ ਨੇ ਇਸ ਮਾਮਲੇ ਨੂੰ ਨਵਾਂ ਰੂਪ ਦੇ ਦਿੱਤਾ ਹੈ।

ਅਸਲ ਵਿੱਚ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਹੜਾ ਪਿੰਡ ਕੰਗਣਾ ਬੇਟ ਦ ਹੈ ਅਤੇ ਇਸ ਵੀਡੀਓ ਵਿਚ ਇੱਕ ਵਿਅਕਤੀ ਸਾਈਕਲ ਉੱਤੇ ਸਾਊਂਡ ਸਿਸਟਮ ਰੱਖ ਕੇ ਚੱਲਦਾ ਤੇ ਦੂਜਾ ਬਜ਼ੁਰਗ ਆਪਣੇ ਹੱਥ ਵਿਚ ਮਾਈਕ ਫੜ ਕੇ ਸਰਪੰਚ ਵੱਲੋਂ ਜਾਰੀ ਕੀਤਾ ਫ਼ੁਰਮਾਨ ਸੁਣਾਉਂਦਾ ਹੈ। ਇਸ ਵੀਡੀਓ ਵਿਚ ਦੱਸਿਆ ਗਿਆ ਹੈ ਕਿ ਸਰਪੰਚ ਅਵਤਾਰ ਸਿੰਘ ਤਾਰਾ ਨੇ ਇੱਕ ਵਾਰ ਫਿਰ ਸਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਨੇ ਪਿੰਡ ਵਿੱਚ ਹੁੰਦੀਆਂ ਲੁੱਟ ਖੋਹਾਂ ਦੀਆਂ ਘਟਨਾਵਾਂ ਬਾਰੇ ਸਖ਼ਤ ਕਦਮ ਇਹ ਚੁੱਕਿਆ ਕਿ ਕਿਸੇ ਵੀ ਉਗਰਾਹੀ ਕਰਨ ਜਾਂ ਫੇਰੀ ਲਾਉਣ ਵਾਲੇ ਅਣਜਾਣ ਬਾਹਰੀ ਵਿਅਕਤੀ ਨੂੰ ਪਿੰਡ ਵਿਚ ਘੁੰਮਣ ਦੀ ਇਜਾਜ਼ਤ ਨਹੀਂ ਹੋਵੇਗੀ। ਇਸ ਦੇ ਨਾਲ ਅਵਤਾਰ ਸਿੰਘ ਨੇ ਐਲਾਨ ਕੀਤਾ ਹੈ ਕਿ ਪਿੰਡ ਵਿਚ ਸਬਜ਼ੀ, ਕੱਪੜਾ, ਕਬਾੜ ਵਾਲੇ ਵਿਅਕਤੀ ਸਿਰਫ਼ ਐਤਵਾਰ ਨੂੰ ਪਿੰਡ ਵਿਚ ਦਾਖਲ ਹੋ ਸਕਦੇ ਹਨ ਤੇ ਇਹੀ ਨਹੀਂ, ਉਨ੍ਹਾਂ ਨੂੰ ਪਿੰਡ ਵਿਚ ਦਾਖਲ ਹੋਣ ਤੋਂ ਪਹਿਲਾ ਸਰਪੰਚ ਵੱਲੋਂ ਆਈ ਡੀ ਕਾਰਡ ਬਣਾ ਕੇ ਦਿੱਤੇ ਜਾਣਗੇ, ਜਿਸ ਨੂੰ ਉਹ ਗਲ ਵਿਚ ਪਾਉਣ ਤੋਂ ਬਾਅਦ ਸਬਜ਼ੀ ਵੇਚ ਸਕਦੇ ਹਨ।

ਵਰਨਣ ਯੋਗ ਹੈ ਕਿ ਸੋਸ਼ਲ ਮੀਡੀਆ ਉੱਤੇ ਇਹ ਵੀਡੀਓ ਅੱਗ ਵਾਂਗ ਵਾਇਰਲ ਹੋ ਰਹੀ ਹੈ। ਇਸ ਨੂੰ ਲੋਕਾਂ ਵੱਲੋਂ ਸ਼ੇਅਰ ਕਰ ਕੇ ਕੁਮੈਂਟ ਕੀਤੇ ਜਾ ਰਹੇ ਹਨ। ਕਈ ਲੋਕ ਕਹਿੰਦੇ ਹਨ ਕਿ ਸਰਪੰਚ ਨੇ ਬਹੁਤ ਵਧੀਆ ਕੰਮ ਕੀਤਾ ਤੇ ਉਨ੍ਹਾਂ ਦੇ ਪਿੰਡ ਵਿੱਚ ਪਾਰਟੀਬਾਜ਼ੀ ਤੋਂ ਬਿਨਾਂ ਹੋਰ ਕੁਝ ਨਹੀਂ। ਕੁਝ ਹੋਰ ਲੋਕ ਕਹਿੰਦੇ ਹਨ ਕਿ ਹਰ ਕਿਸੇ ਪਿੰਡ ਦੇ ਸਰਪੰਚ ਨੂੰ ਇਹ ਨਿਯਮ ਬਣਾਉਣ ਦੀ ਲੋੜ ਹੈ। ਇਸ ਸਰਪੰਚ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਲੁੱਟਾਂ ਖੋਹਾਂ ਨੂੰ ਠੱਲ੍ਹ ਪਾਉਣ ਲਈ ਨਗਰ ਪੰਚਾਇਤ ਦਾ ਲੋਕ ਸਹਿਯੋਗ ਦੇਣ।

# ਮਲੇਸ਼ੀਆ ਵਿੱਚ ਲਿਜਾ ਕੇ ਦੇਹ ਵਪਾਰ ਲਈ ਮਜਬੂਰ ਕੀਤਾ ਗਿਆ

ਮੋਗਾ, 7 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਰਹਿਣ ਵਾਲੀ ਇੱਕ ਮਹਿਲਾ ਆਪਣੇ ਗੁਆਂਢ ਰਹਿੰਦੀ ਲੜਕੀ ਨੂੰ 25 ਹਜ਼ਾਰ ਰੁਪਏ ਮਹੀਨੇ 'ਤੇ ਘਰੇਲੂ ਕੰਮ ਕਰਾਉਣ ਲਈ ਮਲੇਸ਼ੀਆ ਲੈ ਗਈ ਤੇ ਉਥੇ ਉਸ ਨੂੰ ਦੇਹ ਵਪਾਰ ਦੇ ਧੰਦੇ ਵਿੱਚ ਧੱਕਣ ਦੀ ਕੋਸ਼ਿਸ਼ ਕੀਤੀ। ਜਦੋਂ ਲੜਕੀ ਨਹੀਂ ਮੰਨੀ ਤਾਂ ਬੰਦੀ ਬਣਾ ਕੇ ਚਾਰ ਸਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ ਜਾਂਦੀ ਰਹੀ ਅਤੇ 18-18 ਘੰਟੇ ਕੰਮ ਕਰਵਾ ਕੇ ਵੀ ਤਨਖਾਹ ਨਹੀਂ ਦਿੱਤੀ। ਫਿਰ ਲੜਕੀ ਦੀ ਮਾਂ ਮਲੇਸ਼ੀਆ ਵਿੱਚ ਇੱਕ ਗੁਰਦੁਆਰੇ ਦੇ ਪਾਠੀ ਦੀ ਮਦਦ ਨਾਲ ਓਥੋਂ ਦੀ ਪੁਲਸ ਨੂੰ ਨਾਲ ਲੈ ਕੇ ਬੇਟੀ ਨੂੰ ਛੁਡਾ ਕੇ ਭਾਰਤ ਆਈ ਹੈ। ਪੁਲਸ ਨੇ ਇਸ ਸੰਬੰਧ ਵਿੱਚ ਨੋਇਡਾ ਦੇ ਇੱਕ ਟਰੈਵਲ ਏਜੰਟ ਤੇ ਲੜਕੀ ਦੀ ਗੁਆਂਢਣ ਮਹਿਲਾ ਸਮੇਤ ਤਿੰਨ ਜਣਿਆਂ ਵਿਰੁੱਧ ਧੋਖਾਧੜੀ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ।

ਭਾਰਤ ਵਾਪਸ ਆਈ ਲੜਕੀ ਨੇ ਦੱਸਿਆ ਕਿ ਕਿਰਨਜੀਤ ਕੌਰ, ਕਰਮਜੀਤ ਕੌਰ ਅਤੇ ਰੇਸ਼ਮ ਸਿੰਘ ਇੱਕ ਗੈਂਗ ਚਲਾ ਰਹੇ ਹਨ, ਜਿਹੜਾ ਭਾਰਤ ਵਿੱਚੋਂ ਮਾਸੂਮ ਲੜਕੀਆਂ ਨੂੰ ਵਿਦੇਸ਼ ਵਿੱਚ ਚੰਗੀ ਤਨਖਾਹ 'ਤੇ ਕੰਮ ਦਿਵਾਉਣ ਦੇ ਸੁਫਨੇ ਦਿਖਾ ਕੇ ਉਥੇ ਲਿਜਾਂਦੇ ਅਤੇ ਫਿਰ ਦੇਹ ਵਪਾਰ ਲਈ ਮਜਬੂਰ ਕਰਦੇ ਹਨ। ਪੀੜਤ ਦੀ ਮਾਂ ਮਨਜੀਤ ਕੌਰ ਨੇ ਦੱਸਿਆ ਕਿ ਕੁਲਦੀਪ ਕੌਰ ਪਤਨੀ ਅਸ਼ੋਕ ਕੁਮਾਰ ਉਨ੍ਹਾਂ ਦੀ ਗੁਆਂਢਣ ਹੈ। ਚਾਰ ਸਾਲ ਪਹਿਲਾਂ ਕੁਲਦੀਪ ਕੌਰ ਦੀ ਮਲੇਸ਼ੀਆ ਵਿੱਚ ਰਹਿੰਦੀ ਭੈਣ ਕਰਮਜੀਤ ਕੌਰ ਆਈ ਸੀ। ਉਸ ਨੇ ਮਨਜੀਤ ਕੌਰ ਨੂੰ ਕਿਹਾ ਕਿ ਉਹ ਆਪਣੀ ਧੀ ਸੁਖਬਿੰਦਰ



ਕੌਰ ਉਰਫ ਜੋਤੀ ਨੂੰ ਮਲੇਸ਼ੀਆ ਭੇਜ ਦੇਵੇ, ਉਥੇ ਉਸ ਨੂੰ 25 ਹਜ਼ਾਰ ਰੁਪਏ ਮਹੀਨੇ 'ਤੇ ਘਰੇਲੂ ਕੰਮ ਮਿਲ ਜਾਏਗਾ। ਇਸ ਦੇ ਲਈ ਨੋਇਡਾ ਦੇ ਇੱਕ ਏਜੰਟ ਨੂੰ ਜਲੰਧਰ ਵਿੱਚ ਮਿਲਣ ਲਈ ਕਿਹਾ ਸੀ ਤੇ ਇਸੇ ਏਜੰਟ ਨੇ ਜੋਤੀ ਨੂੰ ਮਲੇਸ਼ੀਆ ਭੇਜਿਆ ਸੀ। ਤਿੰਨ ਸਾਲ ਤੱਕ ਜਦ ਜੋਤੀ ਨਾਲ ਉਸ ਦੀ ਮਾਂ ਜਾਂ ਪਰਵਾਰ ਦੇ ਕਿਸੇ ਮੈਂਬਰ ਦੀ ਗੱਲ ਨਾ ਹੋਈ ਤਾਂ ਜੋਤੀ ਦੀ ਮਾਂ ਮਨਜੀਤ ਕੌਰ ਨੇ ਲੋਕਾਂ ਨਾਲ ਸੰਪਰਕ ਕਰਨਾ ਸ਼ੁਰੂ ਕੀਤਾ। ਇਸ ਦੌਰਾਨ ਮਨਜੀਤ ਦੀ ਗੱਲ ਮਲੇਸ਼ੀਆ ਦੇ ਇੱਕ ਗੁਰਦੁਆਰੇ ਵਿੱਚ ਅਮਰਜੀਤ ਸਿੰਘ ਨਾਂਅ ਦੇ ਪਾਠੀ ਨਾਲ ਹੋਈ ਤਾਂ ਪਾਠੀ ਦੇ ਕਹਿਣ 'ਤੇ ਮਨਜੀਤ ਕੌਰ ਓਥੇ ਗਈ। ਉਥੇ ਅਮਰਜੀਤ ਸਿੰਘ ਨੇ ਜੋਤੀ ਨੂੰ ਤਲਾਸ਼ ਕਰਨ ਵਿੱਚ ਉਸ ਦੀ ਮਦਦ ਕੀਤੀ ਅਤੇ ਮਲੇਸ਼ੀਆ ਪੁਲਸ ਦੀ ਮਦਦ ਨਾਲ ਮਨਜੀਤ ਬੇਟੀ ਛੁਡਵਾ ਕੇ ਭਾਰਤ ਵਾਪਸ ਲੈ ਕੇ ਆਈ ਹੈ। ਪਤਾ ਲੱਗਾ ਹੈ ਕਿ ਮਲੇਸ਼ੀਆ ਪਹੁੰਚਣ ਪਿੱਛੋਂ ਕਰਮਜੀਤ ਕੌਰ ਅਤੇ ਉਸ ਦੇ ਭਰਾ ਰੇਸ਼ਮ ਸਿੰਘ ਨੇ ਜੋਤੀ ਨੂੰ ਮਲੇਸ਼ੀਆ ਵਿੱਚ ਰਹਿੰਦੀ ਕਿਰਨਜੀਤ ਕੌਰ ਦੇ ਘਰ ਕੰਮ ਦਿਵਾਉਣ ਦੇ ਨਾਂਅ ਉੱਤੇ ਅੱਸੀ ਹਜ਼ਾਰ ਰੁਪਏ ਲਏ ਸਨ। ਕੁਝ ਦਿਨ ਜੋਤੀ ਕਰਮਜੀਤ ਕੌਰ ਦੇ ਘਰ ਰਹੀ, ਫਿਰ ਉਸ ਨੂੰ ਕਿਰਨਜੀਤ ਕੌਰ ਦੇ ਘਰ ਕੰਮ 'ਤੇ ਲਾ ਦਿੱਤਾ। ਇੱਕ ਸਾਲ ਹੋਰ ਸਭ ਠੀਕ ਰਿਹਾ, ਜੋਤੀ ਨੂੰ ਤਨਖਾਹ ਨਹੀਂ ਮਿਲੀ, ਪਰ ਪਰਵਾਰ ਦੇ ਲੋਕਾਂ ਨਾਲ ਫੋਨ 'ਤੇ ਗੱਲ ਕਰਾਉਂਦੇ ਰਹੇ। ਇਸ ਦੌਰਾਨ ਜੋਤੀ ਨੂੰ ਦੇਹ ਵਪਾਰ ਲਈ ਮਜਬੂਰ ਕੀਤਾ ਗਿਆ, ਪਰ ਜੋਤੀ ਨੇ ਇਨਕਾਰ ਕਰ ਦਿੱਤਾ ਤਾਂ ਉਸ ਦੇ ਘਰ ਦਿਆਂ ਨਾਲ ਉਸ ਦੀ ਗੱਲ ਕਰਾਉਣੀ ਬੰਦ ਕਰ ਦਿੱਤੀ ਅਤੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਜਾਣ ਲੱਗੀ।

## ਕਾਂਗਰਸੀ ਵਿਧਾਇਕ ਹੈਨਰੀ, ਡਿਪਟੀ ਕਮਿਸ਼ਨਰ ਤੇ ਹੋਰ ਨੂੰ ਕਾਨੂੰਨੀ ਨੋਟਿਸ ਜਾਰੀ

ਜਲੰਧਰ, 7 ਅਕਤੂਬਰ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਪ੍ਰੀਤ ਨਗਰ ਅਤੇ ਇਸ ਦੇ ਆਲੇ-ਦੁਆਲੇ ਕਾਲੋਨੀਆਂ ਲਈ ਬਰਸਾਤੀ ਸੀਵਰ ਪਾਉਣ ਦਾ ਪ੍ਰਾਜੈਕਟ ਲਟਕ ਜਾਣ ਉੱਤੇ ਨਾਰਥ ਹਲਕੇ ਦੇ ਕਾਂਗਰਸੀ ਵਿਧਾਇਕ ਬਾਵਾ ਹੈਨਰੀ, ਡਿਪਟੀ ਕਮਿਸ਼ਨਰ ਵਰਿੰਦਰ ਸ਼ਰਮਾ, ਨਗਰ ਨਿਗਮ ਕਮਿਸ਼ਨਰ ਦੀਪਰਵਾ ਲਾਕੜਾ ਅਤੇ ਡਾਇਰੈਕਟਰ ਸਨਅਤੀ ਵਿਭਾਗ ਤੇ ਸੈਕਟਰੀ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ। ਬਰਸਾਤੀ ਪਾਣੀ ਦੇ ਨਿਕਾਸ ਲਈ ਪ੍ਰੀਤ ਨਗਰ ਤੋਂ ਸੋਢਲ ਚੌਕ ਅਤੇ ਆਲੇ-ਦੁਆਲੇ ਦੀਆਂ ਅਨੇਕਾਂ ਕਾਲੋਨੀਆਂ ਨੂੰ ਰਾਹਤ ਦੇਣ ਲਈ ਬਰਸਾਤੀ ਪਾਣੀ ਦੀ ਨਿਕਾਸੀ ਲਈ ਸੀਵਰੇਜ ਪ੍ਰਾਜੈਕਟ ਜਿਸ ਥਾਂ 'ਤੇ ਬਣਨਾ ਹੈ, ਉਸ ਨਾਲ ਸਕੂਲ ਲੱਗਦਾ ਹੈ ਤੇ ਉਹ ਥਾਂ ਗਰੀਨ ਬੈਲਟ ਲਈ ਰਿਜ਼ਰਵ ਰੱਖੀ ਗਈ ਹੈ। ਪਤਾ ਲੱਗਾ ਹੈ ਕਿ ਉਕਤ ਵਿਧਇਕ ਤੇ ਅਧਿਕਾਰੀਆਂ ਨੂੰ ਜਿਹੜਾ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ, ਉਸ ਵਿੱਚ ਇਤਰਾਜ਼ ਕੀਤਾ ਗਿਆ ਹੈ ਕਿ ਜਿਸ ਜ਼ਮੀਨ ਬਾਰੇ ਮਾਮਲਾ ਪਹਿਲਾਂ ਅਦਾਲਤ ਵਿੱਚ ਚਲ ਰਿਹਾ ਹੈ, ਉਸ ਜ਼ਮੀਨ 'ਤੇ ਦੂਜਾ ਪ੍ਰਾਜੈਕਟ ਕਿਵੇਂ ਬਣਾਇਆ ਜਾ ਸਕਦਾ ਹੈ। ਇਸ ਨੋਟਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਗਰੀਨ ਬੈਲਟ ਦੀ ਜ਼ਮੀਨ 'ਤੇ ਵਾਟਰ ਟਰੀਮੈਂਟ ਪਲਾਂਟ ਦੀ ਆੜ 'ਚ ਪ੍ਰਭਾਵਸ਼ਾਲੀ ਲੋਕਾਂ ਵੱਲੋਂ ਕਬਜ਼ਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਵਿਧਇਕ ਤੇ ਅਧਿਕਾਰੀਆਂ ਨੂੰ ਡੀ ਕੇ ਭੱਟੀ ਵੱਲੋਂ ਭੇਜੇ ਗਏ ਕਾਨੂੰਨੀ ਨੋਟਿਸ ਵਿੱਚ 15 ਦਿਨ ਅੰਦਰ ਜਵਾਬ ਮੰਗਿਆ ਅਤੇ ਕਿਹਾ ਗਿਆ ਹੈ ਕਿ ਜੇ ਇਸ ਪ੍ਰਾਜੈਕਟ ਨੂੰ ਨਾ ਰੋਕਿਆ ਗਿਆ ਤਾਂ ਮਾਮਲਾ ਅਦਾਲਤ 'ਚ ਜਾਵੇਗਾ ਅਤੇ ਇਸ ਦਾ ਸਾਰਾ ਖਰਚ ਵੀ ਵਿਧਾਇਕ ਅਤੇ ਉਕਤ ਅਧਿਕਾਰੀਆਂ 'ਤੇ ਪਾਇਆ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਬਰਸਾਤੀ



ਸੀਵਰੇਜ ਪਾਉਣ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਸਾਲ 2016 'ਚ ਉਸ ਸਮੇਂ ਦੇ ਵਿਧਾਇਕ ਕੇ ਡੀ ਭੰਡਾਰੀ ਨੇ ਰੱਖਿਆ ਸੀ ਅਤੇ ਓਦੋਂ ਇਹ ਪ੍ਰਾਜੈਕਟ ਅਮਰੁਤ ਯੋਜਨਾ ਹੇਠ 5.12 ਕਰੋੜ ਦਾ ਬਣਿਆ ਸੀ ਅਤੇ ਪ੍ਰੀਤ ਨਗਰ ਤੋਂ ਸੋਢਲ ਰੋਡ 'ਤੇ ਬਰਸਾਤੀ ਸੀਵਰ ਪੈਣਾ ਸੀ। ਇਸ ਬਾਰੇ ਨਗਰ ਨਿਗਮ ਦੇ ਐਸ ਈ ਸਤਿੰਦਰ ਮਹਾਜਨ ਦਾ ਕਹਿਣਾ ਹੈ ਕਿ ਨਿਯਮ ਅਨੁਸਾਰ ਉਕਤ ਪ੍ਰਾਜੈਕਟ ਦਾ ਟੈਂਡਰ ਤਿੰਨ ਵਾਰ ਮੰਗਣ ਦੀ ਪ੍ਰਕਿਰਿਆ ਹੈ। ਜੇ ਇਸ ਬਾਰੇ ਪਹਿਲੀ ਵਾਰ ਤਿੰਨ ਕੰਪਨੀਆਂ ਨਹੀਂ ਆਉਂਦੀਆਂ ਅਤੇ ਇੱਕੋ ਕੰਪਨੀ ਆਉਂਦੀ ਹੈ ਤਾਂ ਦੂਜੀ ਵਾਰ ਟੈਂਡਰ ਮੰਗਿਆ ਜਾਂਦਾ ਹੈ। ਜੇ ਦੂਜੀ ਵਾਰ ਵੀ ਤਿੰਨ ਕੰਪਨੀਆਂ ਟੈਂਡਰ ਨਹੀਂ ਪਾਉਂਦੀਆਂ ਤਾਂ ਤੀਜੀ ਵਾਰ ਟੈਂਡਰ ਮੰਗੇ ਜਾਂਦੇ ਹਨ। ਜੇ ਤਿੰਨ ਕੰਪਨੀਆਂ ਨਹੀਂ ਆਉਂਦੀਆਂ ਤਾਂ ਪਹਿਲੀ ਵਾਰ ਮੰਗੇ ਟੈਂਡਰਾਂ ਦੌਰਾਨ ਟੈਂਡਰ ਪਾਉਣ ਵਾਲੀ ਇੱਕੋ ਕੰਪਨੀ ਨੂੰ ਕੰਮ ਅਲਾਟ ਹੋ ਸਕਦਾ ਹੈ। ਐੱਸਈ ਨੇ ਕਿਹਾ ਕਿ ਇੱਕ ਮਹੀਨੇ 'ਚ ਟੈਂਡਰ ਦੀ ਪ੍ਰਕਿਰਿਆ ਪੂਰੀ ਹੋ ਜਾਵੇਗੀ।

ਸਾਲ 2016 ਵਿੱਚ ਜਦੋਂ ਕੇ ਡੀ ਭੰਡਾਰੀ ਨੇ ਉਸ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ ਸੀ ਤਾਂ 2017 'ਚ ਸਰਕਾਰ ਬਦਲ ਗਈ ਤੇ ਬਾਵਾ ਹੈਨਰੀ ਵਿਧਾਇਕ ਬਣੇ ਤਾਂ ਉਨ੍ਹਾਂ ਨੇ ਉਕਤ ਪ੍ਰਾਜੈਕਟ 'ਚ ਕੁਝ ਹੋਰ ਇਲਾਕੇ ਜੋੜੇ ਗਏ ਤੇ ਟੈਂਡਰ ਲਗਾਇਆ ਗਿਆ ਤਾਂ ਕਾਨੂੰਨੀ ਨੋਟਿਸ ਆ ਗਿਆ।

# ਜੇਲ੍ਹ 'ਚ ਕੈਦੀਆਂ ਨੂੰ ਨਸ਼ਾ ਵੇਚਣ ਲਈ ਮਜਬੂਰ ਕੀਤਾ ਜਾਂਦੈ

ਰੂਪਨਗਰਰ, 7 ਅਕਤੂਬਰ (ਪੋਸਟ ਬਿਊਰੋ)- ਰੋਪੜ ਜੇਲ੍ਹ 'ਚੋਂ ਇੱਕ ਕੈਦੀ ਨੇ ਮੋਬਾਈਲ ਫੋਨ ਉਤੇ ਲਾਈਵ ਹੋ ਕੇ ਜੇਲ੍ਹ ਪ੍ਰਸ਼ਾਸਨ 'ਤੇ ਗੰਭੀਰ ਦੋਸ਼ ਲਾਏ ਅਤੇ ਦੱਸਿਆ ਕਿ ਮੋਬਾਈਲ ਫੋਨ ਜ਼ਰੀਏ ਨਸ਼ਾ ਅਤੇ ਹੋਰ ਸਾਮਾਨ ਵੇਚਣ ਲਈ ਮਜਬੂਰ ਕੀਤਾ ਜਾਂਦਾ ਹੈ। ਇਹ ਵੀਡੀਓ ਸੋਸ਼ਲ ਮੀਡੀਆਂ 'ਤੇ ਵਾਇਰਲ ਕੀਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਕੈਦੀ ਨੇ ਵੀਡੀਓ 'ਚ ਦੱਸਿਆ ਹੈ ਕਿ ਕੈਦੀਆਂ ਨੂੰ ਜੇਲ੍ਹ 'ਚ ਫੋਨ ਵੇਚਣ ਲਈ ਵੀ ਕਿਹਾ ਜਾਂਦਾ ਹੈ। ਆਮ ਮੋਬਾਈਲ ਫੋਨ ਦੀ ਕੀਮਤ 5 ਤੋਂ 6 ਹਜ਼ਾਰ ਰੁਪਏ ਅਤੇ ਵੱਡੇ ਮੋਬਾਈਲ ਦੀ ਕੀਮਤ 25 ਹਜ਼ਾਰ ਰੁਪਏ ਤੱਕ ਰੱਖੀ ਗਈ ਹੈ। ਕੈਦੀ ਨੇ ਕਿਹਾ ਕਿ ਜੇ ਉਹ ਏਦਾਂ ਨਹੀ ਕਰੇਗਾ ਤਾਂ ਉਸ 'ਤੇ ਹੋਰ ਮਾਮਲਾ ਦਰਜ ਕਰਕੇ ਕਿਸੇ ਹੋਰ ਜੇਲ੍ਹ ਵਿੱਚ ਭੇਜਣ ਦੀ ਧਮਕੀ ਦਿੱਤੀ ਗਈ ਹੈ। ਕੈਦੀ ਨੇ ਇਹ ਵੀ



ਖੁਲਾਸਾ ਕੀਤਾ ਕਿ ਜੇਲ੍ਹ ਵਿੱਚ ਉਚ ਅਧਿਕਾਰੀਆਂ ਤੋਂ ਇਲਾਵਾ ਕੁਝ ਹੋਰ ਮੁਲਾਜ਼ਮ ਵੀ ਇਸ ਕੰਮ ਵਿੱਚ ਸ਼ਾਮਲ ਹਨ, ਜੋ ਜੇਲ੍ਹ ਵਿਚਲੇ ਕੈਦੀਆਂ ਨੂੰ ਮੋਬਾਈਲ, ਨਸ਼ੇ ਦੀਆਂ ਗੋਲੀਆਂ, ਜਰਦਾ ਆਦਿ ਵੇਚਣ ਲਈ ਕਹਿੰਦੇ ਹਨ। ਕੈਦੀ ਨੇ ਵੀਡੀਓ ਰਾਹੀਂ ਲਾਈਵ ਹੋ ਕੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾਵੇ ਅਤੇ ਜੇਲ੍ਹ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਬਾਰੇ ਰੋਪੜ ਦੇ ਏ ਐਸ ਪੀ ਰਵੀ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਰੋਪੜ ਜੇਲ੍ਹ ਵਿੱਚੋਂ ਇੱਕ ਕੈਦੀ ਕੋਲੋਂ ਮੋਬਾਈਲ ਫੋਨ ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕੈਦੀ ਕਰਨਵੀਰ ਸਿੰਘ ਦੀ ਤਲਾਸ਼ੀ ਵਿੱਚ ਇੱਕ ਫੋਨ ਮਿਲਿਆ ਹੈ ਅਤੇ ਉਸ ਕੈਦੀ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ ਤੇ ਜਾਂਚ ਜਾਰੀ ਹੈ।

## ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਕੰਮ ਜੰਗੀ ਪੱਧਰ 'ਤੇ ਜਾਰੀ

ਕਲਾਨੌਰ, 7 ਅਕਤੂਬਰ (ਪੋਸਟ ਬਿਊਰੋ)- ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੀਂ ਪ੍ਰਕਾਸ਼ ਉਤਸਵ ਲਈ ਨਵੰਬਰ ਮਹੀਨੇ ਵਿੱਚ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਵਿਖੇ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸਮਾਗਮ ਕਰਨ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਪਾਕਿਸਤਾਨ ਵਿੱਚ ਗੁਰ-ਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਈ ਖੋਲ੍ਹੇ ਜਾ ਰਹੇ ਲਾਂਘੇ ਬਾਰੇ ਲੈਂਡ ਪੋਰਟ ਅਥਾਰਟੀ ਆਫ ਇੰਡੀਆਂ ਵੱਲੋਂ ਆਈ ਸੀ ਪੀ ਚੈੱਕ ਪੋਸਟ ਟਰਮੀਨਲ ਦੀਆਂ ਤਿਆਰੀਆਂ ਵੀ ਜੰਗੀ ਪੱਧਰ 'ਤੇ ਜਾਰੀ ਹਨ। ਅਥਾਰਟੀ ਨੇ ਟਰਮੀਨਲ ਦੀ ਛੱਤ ਨੂੰ ਕਵਰ ਕਰਨ ਲਈ ਦੁਬਈ ਤੋਂ ਐਲੂਮੀਨੀਅਮ ਦੀਆਂ ਚਾਦਰਾਂ ਮੰਗਵਾਈਆਂ ਹਨ, ਜੋ ਸਭ ਦੀ ਖਿੱਚ ਦਾ ਕੇਂਦਰ ਹੋਣਗੀਆਂ।

ਇਸ ਟਰਮੀਨਲ ਦੀ ਉਸਾਰੀ ਕਰਵਾ ਰਹੇ ਸ਼ੈਲਿੰਦਰ ਅੰਜਰੀ ਨੇ ਕਿਹਾ ਕਿ ਕਰਤਾਪੁਰ ਟਰਮੀਨਲ ਨੂੰ ਇੰਟਰਨੈਸ਼ਲ ਏਅਰਪੋਰਟ ਦੀ ਛੱਤ ਵਾਂਗ ਕਵਰ ਕਰਨ ਲਈ 16000 ਸਕੇਅਰ ਫੁੱਟ ਐਲੂਮੀਨੀਅਮ ਦੀ ਚਾਦਰ ਖਾਸ ਤੌਰ 'ਤੇ ਦੁਬਈ ਤੋਂ ਮੰਗਵਾਈ ਗਈ ਹੈ, ਜਿਸ ਦੀ ਖਾਸੀਅਤ ਇਹ ਹੈ ਕਿ ਇਹ ਚਾਦਰ ਦੂਰੋਂ ਹੀ ਚਮਕ ਮਾਰੇਗੀ ਅਤੇ ਲੰਮਾ ਸਮਾਂ ਖਰਾਬ ਨਹੀਂ ਹੋਵੇਗੀ। ਅੰਜਰੀ ਨੇ ਦੱਸਿਆ ਕਿ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਬਣ ਰਹੇ ਟਰਮੀਨਲ ਵਿੱਚ ਪੈਸੰਜਰ ਬਲਾਕ, ਚੈੱਕ ਪੋਸਟ, ਗੈਲਰੀ, ਸ਼ਰਧਾਲੂਆਂ ਦੇ ਬੈਠਣ ਦਾ ਪ੍ਰਬੰਧ, ਪਾਰਕਿੰਗ, ਸੁਰੱਖਿਆ ਬਲਾਕ, ਇਲੈਕਟ੍ਰੀਸ਼ਨ ਬਲਾਕ ਆਦਿ ਦਾ ਕੰਮ ਕਰਨ ਤੋਂ ਇਲਾਵਾ ਮਾਰਬਲ ਤੇ ਮਿਰਰ ਲਾਉਣ ਦਾ ਕੰਮ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ 31 ਅਕਤੂਬਰ ਤੱਕ ਟਰਮੀਨਲ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ।

## ਟਿਕ-ਟਾਕ ਸਟਾਰ ਸੰਧੂ ਜੋੜੀ ਉੱਤੇ 18.50 ਲੱਖ ਦੀ ਠੱਗੀ ਕਰਨ ਦਾ ਇੱਕ ਹੋਰ ਕੇਸ ਦਰਜ

ਐਸ ਏ ਐਸ ਨਗਰ, 7 ਅਕਤੂਬਰ (ਪੋਸਟ ਬਿਊਰੋ)- ਟਿਕ-ਟਾਕ ਸਟਾਰ ਮੰਨੇ ਜਾਂਦੇ ਮਿਸਟਰ ਐਂਡ ਮਿਸਿਜ਼ ਸੰਧੂ ਦੀ ਜੋੜੀ ਖਿਲਾਫ ਕੈਨੇਡਾ ਭੇਜਣ ਦੇ ਨਾਂਅ ਉੱਤੇ ਲੱਖਾਂ ਰੁਪਏ ਦੀ ਧੋਖਾਧੜੀ ਕਰਨ ਦਾ ਇੱਕ ਹੋਰ ਨਵਾਂ ਕੇਸ ਦਰਜ ਹੋਇਆ ਹੈ, ਜਿਸ ਦੇ ਸੰਬੰਧ ਵਿੱਚ ਪੁਲਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਸਬੰਧ ਵਿੱਚ ਗੁਰਜੋਤ ਸਿੰਘ ਵਾਸੀ ਗਿੱਦੜਬਾਹਾ ਨੇ ਪੁਲਸ ਨੂੰ ਦੱਸਿਆ ਕਿ ਸਾਲ 2018 'ਚ ਉਹ ਫੇਸ-5 ਵਿਚਲੀ ਇੰਟਰਨੈਸ਼ਲ ਐਜੂਕੇਸ਼ਨ ਕੰਪਨੀ ਦੇ ਸੰਪਰਕ ਵਿੱਚ ਆਇਆ ਸੀ। ਉਹ ਜਦੋਂ ਉਕਤ ਕੰਪਨੀ ਦੇ ਦਫਤਰ ਵਿਖੇ ਗਿਆ ਤਾਂ ਬਲਜਿੰਦਰ ਕੌਰ ਨੇ ਉਸ ਨੂੰ ਕੈਨੇਡਾ ਭੇਜਣ ਦੇ ਬਦਲੇ 18.50 ਲੱਖ ਜਮ੍ਹਾਂ ਕਰਵਾਉਣ ਨੂੰ ਕਿਹਾ ਸੀ ਅਤੇ ਉਸ ਨੇ ਇਹ ਪੈਸੇ ਜਮ੍ਹਾ ਕਰਵਾ ਦਿੱਤੇ। ਇਸ ਤੋਂ ਕੁਝ ਦਿਨਾਂ ਬਾਅਦ ਉਹ ਫਿਰ ਕੰਪਨੀ ਦੇ ਦਫਤਰ ਵਿਖੇ ਗਿਆ ਤਾਂ ਉਸ ਨੂੰ ਟਾਲ-ਮਟੋਲ ਕਰਕੇ ਮੋੜ ਦਿੱਤਾ ਗਿਆ। ਗੁਰਜੋਤ ਸਿੰਘ ਨੇ ਦੱਸਿਆ ਕਿ ਜਦੋਂ ਉਸ ਨੇ ਕੰਪਨੀ ਦੀ ਪ੍ਰਬੰਧਕ ਬਲਜਿੰਦਰ ਕੌਰ ਅਤੇ ਉਸ ਦੇ ਪਤੀ ਏਕਤ ਸੰਧੂ ਨੂੰ ਪੈਸੇ ਵਾਪਸ ਕਰਨ ਲਈ ਕਿਹਾ ਤਾਂ ਉਹ ਹਰ ਵਾਰ ਅਗਲੀ ਤਰੀਕ ਦੇ ਕੇ ਉਸ ਨੂੰ ਵਾਪਸ ਭੇਜ ਦਿੰਦੇ ਸਨ। ਇਸੇ ਦੌਰਾਨ ਇੱਕ ਦਿਨ ਉਕਤ ਕੰਪਨੀ ਪ੍ਰਬੰਧਕਾਂ ਨੇ ਉਸ ਨੂੰ 14 ਲੱਖ ਰੁਪਏ ਦੇ ਚੈਕ ਦਿੱਤੇ, ਜੋ ਕਿ ਬਾਅਦ ਵਿੱਚ ਬਾਊਂਸ ਹੋ ਗਏ। ਗੁਰਜੋਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਕੋਲ 3 ਏਕੜ ਜ਼ਮੀਨ ਹੈ, ਜਿਸ ਤੇ ਉਸ ਦੇ ਪਿਤਾ ਨੇ ਕਰਜ਼ਾ ਚੁੱਕ ਕੇ ਇਸ ਜੋੜੀ ਨੂੰ ਲੱਖਾਂ ਰੁਪਏ ਦਿੱਤੇ ਸਨ ਤਾਂ ਜੋ ਉਸ ਦਾ ਲੜਕਾ ਵਿਦੇਸ਼ ਜਾ ਸਕੇ। ਇਸ ਸਬੰਧੀ ਥਾਣਾ ਫੇਸ-1 ਦੇ ਮੁੱਖੀ ਲਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਕੇਸ ਦੀ ਪੜਤਾਲ ਤੋਂ ਬਾਅਦ ਏਕਮ ਸਿੰਘ ਸੰਧੂ ਤੇ ਉਸ ਦੀ ਪਤਨੀ ਬਲਜਿੰਦਰ ਕੌਰ ਦੇ ਖਿਲਾਫ ਥਾਣਾ ਫੇਸ-1 ਵਿਖੇ ਮਾਮਲਾ ਦਰਜ ਕਰ ਲਿਆ ਹੈ।

## ਅਣਪਛਾਤੇ ਬੰਦਿਆਂ ਨੇ ਕਿਸਾਨ ਨੂੰ ਘਰੋਂ ਬੁਲਾ ਕੇ ਗੋਲੀਆਂ ਮਾਰ ਕੇ ਮਾਰਿਆ

ਗੁਰਦਾਸਪੁਰ, 7 ਅਕਤੂਬਰ (ਪੋਸਟ ਬਿਊਰੋ)- ਬਟਾਲਾ ਦੇ ਪਿੰਡ ਵੀਝਵਾ 'ਚ ਕੱਲ੍ਹ ਦੇਰ ਰਾਤ ਦੋ ਮੋਟਰ ਸਾਈਕਲ ਸਵਾਲ ਅਣਪਛਾਤੇ ਵਿਅਕਤੀਆਂ ਨੇ ਇੱਕ ਕਿਸਾਨ ਨੂੰ ਘਰੋਂ ਸੱਦ ਕੇ ਗੋਲੀਆਂ ਮਾਰ ਦਿੱਤੀਆਂ ਅਤੇ ਫਿਰ ਉਨ੍ਹਾਂ ਨੇ ਕਿਸਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਅਤੇ ਉਸ ਨੂੰ ਮਾਰ ਕੇ ਫਰਾਰ ਹੋ ਗਏ। ਮ੍ਰਿਤਕ ਜਗਵੰਤ ਸਿੰਘ (44) ਦੇ ਪਰਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਰੰਜਿਸ਼ ਨਹੀਂ ਹੈ ਅਤੇ ਕਤਲ ਦੀ ਵਜ੍ਹਾ ਵੀ ਸਪੱਸ਼ਟ ਨਹੀਂ ਹੋ ਰਹੀ। ਪੁਲਸ ਨੇ ਅਣਪਛਾਤੇ ਕਾਤਲਾਂ ਵਿਰੁੱਧ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਕਿਸਾਨ ਜਗਵੰਤ ਸਿੰਘ ਦੇ ਭਰਾ ਨੇ ਦੱਸਿਆ ਕਿ ਦੇਰ ਰਾਤ ਮੋਟਰ ਸਾਈਕਲ 'ਤੇ ਸਵਾਰ ਕੁਝ ਲੋਕ ਉਨ੍ਹਾਂ ਦੇ ਘਰ ਆਏ ਤੇ ਉਨ੍ਹਾਂ ਨੇ ਬਾਹਰੋਂ ਹੀ ਉਸ ਨੂੰ ਆਵਾਜ਼ ਮਾਰੀ। ਜਦੋਂ ਜਗਵੰਤ ਸਿੰਘ ਨੇ ਘਰ ਦਾ ਦਰਵਾਜ਼ਾ ਖੋਲ੍ਹਿਆ ਤਾਂ ਹਮਲਾਵਰਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ ਅਤੇ ਫਿਰ ਤੇਜ਼ਧਾਰ ਹਥਿਆਰਾਂ ਨਾਲ ਉਸ ਉਤੇ ਵਾਰ ਕੀਤੇ। ਉਸ ਦੀਆਂ ਚੀਕਾਂ ਸੁਣ ਕੇ ਜਦੋਂ ਉਹ ਘਰੋਂ ਬਾਹਰ ਆਏ ਤਾਂ ਹਮਲਾਵਰ ਫਰਾਰ ਹੋ ਗਏ। ਇਸ ਦੌਰਾਨ ਜਦੋਂ ਪਰਵਾਰ ਵੱਲੋਂ ਜਗਵੰਤ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਕੇਸ ਦੀ ਜਾਂਚ ਕਰ ਰਹੇ ਅਧਿਕਾਰੀ ਅਮਰੀਕ ਸਿੰਘ ਨੇ ਦੱਸਿਆ ਕਿ ਅਣਪਛਾਤੇ ਕਾਤਲਾਂ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਗਈ ਹੈ। ਕਤਲ ਦਾ ਕਾਰਨ ਅਜੇ ਤੱਕ ਸਪੱਸ਼ਟ ਨਹੀਂ ਹੋ ਸਕਿਆ ਹੈ ਅਤੇ ਪੁਲਸ ਵੱਖ-ਵੱਖ ਪਹਿਲੂਆਂ 'ਤੇ ਜਾਂਚ ਕਰ ਰਹੀ ਹੈ।

# ਕਾਂਗਰਸ ਦੇ ਬਾਗੀ ਉਮੀਦਵਾਰ ਦਾ ਬਾਪ ਪੁਲਸ ਨੇ ਚੁੱਕਿਆ ਅਤੇ ਫਿਰ ਛੱਡਿਆ

ਫਾਜ਼ਿਲਕਾ, 7 ਅਕਤੂਬਰ (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਜਲਾਲਾਬਾਦ ਵਿੱਚ 21 ਅਕਤੂਬਰ ਨੂੰ ਹੋ ਰਹੀ ਉੱਪ ਚੋਣ ਤੋਂ ਪਹਿਲਾਂ ਉਦੋਂ ਹਲਚਲ ਮਚ ਗਈ, ਜਦੋਂ ਕਾਂਗਰਸ ਤੋਂ ਬਾਗੀ ਹੋ ਕੇ ਚੋਣ ਲੜ ਰਹੇ ਉਮੀਦਵਾਰ ਜਗਦੀਪ ਕੰਬੋਜ ਗੋਲਡੀ ਦੇ ਪਿਤਾ ਨੂੰ ਦੇਰ ਸ਼ਾਮ ਮੁਹਾਲੀ ਪੁਲਸ ਨੇ ਕਿਸੇ ਪੁਰਾਣੇ ਕੇਸ 'ਚ ਗ੍ਰਿਫਤਾਰ ਕਰ ਲਿਆ। ਇਸ ਕੇਸ ਦਾ ਤਾਂ ਪਤਾ ਨਹੀਂ ਲੱਗਾ, ਪਰ ਗੋਲਡੀ ਨੇ ਦੋਸ਼ ਲਾਇਆ ਕਿ ਉਸ ਨੂੰ ਚੋਣ ਲੜਨ ਤੋਂ ਰੋਕਣ ਲਈ ਕਾਂਗਰਸ ਵੱਲੋਂ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ, ਪਰ ਬਾਅਦ ਵਿੱਚ ਉਸ ਦੇ ਪਿਤਾ ਨੂੰ ਛੱਡ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਗੋਲਡੀ ਕੰਬੋਜ ਨੇ ਯੂਥ ਕਾਂਗਰਸ ਦੇ ਸਕੱਤਰ ਅਹੁਦੇ ਤੋਂ ਅਤੇ ਕਾਂਗਰਸ ਦੀ ਮੁੱਢਲੀ



ਮੈਂਬਰਸ਼ਿਪ ਤੋਂ ਇਸ ਲਈ ਅਸਤੀਫਾ ਦੇ ਦਿੱਤਾ ਕਿ ਕਾਂਗਰਸ ਨੇ ਜਲਾਲਾ-ਬਾਦ ਉੱਪ ਚੋਣ ਲਈ ਉਸ ਦੀ ਦਾਅਵੇ ਨੂੰ ਰਦ ਕਰਕੇ ਹਲਕਾ ਗੁਰੂ ਹਰ ਸਹਾਏ ਦੇ ਰਮਿੰਦਰ ਆਵਲਾ ਨੂੰ ਉਮੀਦਵਾਰ ਬਣਾ ਕੇ ਚੋਣ ਮੈਦਾਨ ਵਿੱਚ ਉਤਾਰਿਆ ਹੈ। ਬੀਤੀ ਸ਼ਾਮ ਮੁਹਾਲੀ ਤੋਂ ਆਈ ਪੁਲਸ ਨੇ ਗੋਲਡੀ ਕੰਬੋਜ ਦੇ ਪਿਤਾ ਸੁਰਿੰਦਰ ਕੰਬੋਜ ਨੂੰ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਤੇ ਨਾਲ ਲੈ ਗਈ। ਜਦੋਂ ਇਸ ਦੀ ਜਾਣਕਾਰੀ ਗੋਲਡੀ ਤੇ ਉਸ ਦੇ ਸਮਰਥਕਾਂ ਨੂੰ ਮਿਲੀ ਤਾਂ ਉਨ੍ਹਾਂ ਨੇ ਇਸ ਬਾਰੇ ਪਤਾ ਕਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਹ ਪਤਾ ਨਹੀਂ ਲੱਗ ਸਕਿਆ ਕਿ ਗੋਲਡੀ ਕੰਬੋਜ ਦੇ ਪਿਤਾ ਨੂੰ ਕਿਸ ਕੇਸ ਵਿੱਚ ਫੜਿਆ ਗਿਆ ਹੈ। ਮੁਹਾਲੀ ਪੁਲਸ ਨੇ ਕੁਝ ਸਮੇਂ ਬਾਅਦ ਉਸ ਨੂੰ ਰਿਹਾਅ ਵੀ ਕਰ ਦਿੱਤਾ।

ਗੋਲਡੀ ਕੰਬੋਜ ਨੇ ਕਿਹਾ ਕਿ ਹਾਕਮ ਕਾਂਗਰਸ ਦੇ ਹਰ ਤਰ੍ਹਾਂ ਦੇ ਦਬਾਅ ਦਾ ਉਹ ਡਟ ਕੇ ਸਾਹਮਣਾ ਕਰਨਗੇ ਅਤੇ ਉਹ ਚੋਣ ਮੈਦਾਨ ਵਿੱਚ ਆਖਰੀ ਦਮ ਤੱਕ ਡਟੇ ਰਹਿਣਗੇ। ਮੁਹਾਲੀ ਦੇ ਐਸ ਐਸ ਪੀ ਕੁਲਦੀਪ ਸਿੰਘ ਚਾਹਲ ਨੇ ਕਿਸੇ ਵੀ ਤਰ੍ਹਾਂ ਦੀ ਗ੍ਰਿਫਤਾਰੀ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪੁਲਸ ਉਥੇ ਗਈ ਹੀ ਨਹੀਂ ਅਤੇ ਇਹ ਗਲਤ ਪ੍ਰਚਾਰ ਹੋ ਰਿਹਾ ਹੈ।

# ਜਸਟਿਸ ਰਵੀ ਸ਼ੰਕਰ ਨੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਨਵੇਂ ਮੁਖੀ ਵਜੋਂ ਚੁੱਕੀ ਸਹੁੰ

ਚੰਡੀਗੜ੍ਹ, 7 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਨੇ ਕੱਲ੍ਹ ਜਸਟਿਸ ਰਵੀ ਸ਼ੰਕਰ ਝਾਅ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ 35ਵੇਂ ਚੀਫ ਜਸਟਿਸ ਵਜੋਂ ਸਹੁੰ ਚੁਕਾਈ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਹਾਜ਼ਰ ਸਨ।

ਪੰਜਾਬ ਰਾਜ ਭਵਨ ਵਿਖੇ ਕੀਤੇ ਗਏ ਸਹੁੰ ਚੁੱਕ ਸਮਾਗਮ ਦੀ ਕਾਰਵਾਈ ਪੰਜਾਬ ਦੇ ਮੁੱਖ ਸਕੱਤਰ ਕਰਣ ਅਵਤਾਰ ਸਿੰਘ ਨੇ ਚਲਾਈ, ਜਿਸ ਵਿੱਚ ਹਾਈ ਕੋਰਟ ਤੇ ਹੇਠਲੀਆਂ ਅਦਾਲਤਾਂ ਦੇ ਜੱਜ ਸਾਹਿਬਾਨ ਦੇ ਨਾਲ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ, ਐਡਵੋਕੇਟ ਜਨਰਲ ਅਤੁਲ ਨੰਦਾ, ਮੁੱਖ



ਸੂਚਨਾ ਕਮਿਸ਼ਨਰ ਸੁਰੇਸ਼ ਅਰੋੜਾ ਅਤੇ ਪੰਜਾਬ ਦੇ ਡੀ ਜੀ ਪੀ ਦਿਨਕਰ ਗੁਪਤਾ ਸ਼ਾਮਲ ਸਨ। ਇਸ ਸਮਾਗਮ ਵਿੱਚ ਨਵੇਂ ਨਿਯੁਕਤ ਚੀਫ ਜਸਟਿਸ ਦੇ ਪਰਵਾਰਕ ਮੈਂਬਰਾਂ ਤੋਂ ਇਲਾਵਾ ਲੋਕ ਸਭਾ ਮੈਂਬਰ ਡਾਕਟਰ ਅਮਰ ਸਿੰਘ ਤੇ ਗੁਰਜੀਤ ਸਿੰਘ ਔਜਲਾ ਅਤੇ ਕਈ ਹੋਰ ਹਸਤੀਆਂ ਹਾਜ਼ਰ ਸਨ।

ਕੱਲ੍ਹ ਹੀ ਰਾਜਸਥਾਨ ਹਾਈ ਕੋਰਟ ਦੇ ਚੀਫ ਜਸਟਿਸ ਵਜੋਂ ਜਸਟਿਸ ਇੰਦਰਜੀਤ ਮੋਹੰਤੀ ਨੂੰ ਓਥੋਂ ਦੇ ਗਵਰਨਰ ਕਲਰਾਜ ਮਿਸ਼ਰਾ ਨੇ ਸਹੁੰ ਚੁਕਾਈ। ਰਾਜਸਥਾਨ ਹਾਈ ਕੋਰਟ ਦੇ ਚੀਫ ਜਸਟਿਸ ਐੱਸ ਰਵਿੰਦਰ ਭੱਟ ਦੀ ਤਰੱਕੀ ਸੁਪਰੀਮ ਕੋਰਟ ਦੇ ਜੱਜ ਵਜੋਂ ਹੋ ਜਾਣ ਤੋਂ ਬਾਅਦ ਇਹ ਅਹੁਦਾ ਖਾਲੀ ਸੀ। ਏਸੇ ਤਰ੍ਹਾਂ ਕੱਲ੍ਹ ਹੀ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਨਵੇਂ ਨਿਯੁਕਤ ਚੀਫ ਜਸਟਿਸ ਲਿੰਗਪਾ ਨਾਰਾਇਣ ਸਵਾਮੀ ਨੇ ਵੀ ਆਪਣੇ ਅਹੁਦੇ ਦੀ ਸਹੁੰ ਚੁੱਕੀ। ਰਾਜ ਭਵਨ ਵਿੱਚ ਹੋਏ ਇੱਕ ਸਮਾਰੋਹ ਵਿੱਚ ਸੂਬੇ ਦੇ ਗਵਰਨਰ ਬੰਡਾਰੂ ਦੱਤਾਤ੍ਰੇਯ ਨੇ ਉਨ੍ਹਾਂ ਨੂੰ ਸਹੁੰ ਚੁਕਾਈ। ਇਸ ਤੋਂ ਪਿਛਲੇ ਇਸ ਰਾਜ ਦੀ ਹਾਈ ਕੋਰਟ ਦੇ ਮੁੱਖ ਜੱਜ ਰਾਮਾਸੁਬਰਾਮਨੀਅਮ ਨੂੰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤੇ ਜਾਣ ਨਾਲ ਚੀਫ ਜਸਟਿਸ ਦਾ ਅਹੁਦਾ ਖਾਲੀ ਹੋ ਗਿਆ ਸੀ ਅਤੇ ਉਨ੍ਹਾਂ ਦੇ ਜਾਣ ਪਿੱਛੋਂ ਜਸਟਿਸ ਧਰਮਚੰਦ ਚੌਧਰੀ ਕਾਰਜਕਾਰੀ ਚੀਫ ਜਸਟਿਸ ਵਜੋਂ ਜ਼ਿੰਮੇਵਾਰੀ ਸੰਭਾਲ ਰਹੇ ਸਨ। ਨਾਰਾਇਣ ਸਵਾਮੀ ਦੇ ਸਹੁੰ ਚੁੱਕ ਸਮਾਰੋਹ ਸਮੇਂ ਮੁੱਖ ਮੰਤਰੀ ਜੈਰਾਮ ਵੀ ਮੌਜੂਦ ਸਨ।

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005


Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348



## ਵਿਵਾਦ ਕਾਰਨ ਸਲਮਾਨ ਦਾ ਸ਼ੋਅ ਬੰਦ ਕਰਨ ਬਾਰੇ ਮੁਹਿੰਮ ਛਿੜੀ



ਮੁੰਬਈ, 7 ਅਕਤੂਬਰ (ਪੋਸਟ ਬਿਊਰੋ)- ਸਲਮਾਨ ਖਾਨ ਦਾ ਰਿਐਲਿਟੀ ਸ਼ੋਅ ਬਿੱਗ ਬੌਸ 13 ਬਹਿਸ-ਮੁਬਹਿਸਿਆਂ 'ਚ ਘਿਰ ਗਿਆ ਹੈ। ਪਿੱਛੇ ਜਿਹੇ ਸੋਸ਼ਲ ਮੀਡੀਆ 'ਤੇ ਸ਼ੋਅ ਉਤੇ ਪਾਬੰਦੀ ਲਾਉਣ ਦੀ ਮੰਗ ਉਠ ਰਹੀ ਸੀ। ਇਸ ਵਿੱਚ ਨਵਾਂ ਮੋੜ ਆ ਗਿਆ ਹੈ। ਕਨਫੈਡਰੇਸ਼ਨ ਆਫ ਆਲ ਇੰਡੀਆ ਟ੍ਰੇਡਰਜ਼ (ਕੈਟ) ਨੇ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਕਾਰਤ ਨੂੰ ਚਿੱਠੀ ਭੇਜ ਕੇ ਇਸ ਟੀ ਵੀ ਸ਼ੋਅ ਬਿੱਗ ਬੌਸ 13 ਉਤੇ ਫੌਰੀ ਤੌਰ 'ਤੇ ਪਾਬੰਦੀ ਲਾਏ ਜਾਣ ਦੀ ਮੰਗ ਕੀਤੀ। ਇਸ ਚਿੱਠੀ ਵਿੱਚ ਬਿੱਗ ਬੌਸ ਦੇ ਸੀਜ਼ਨ 13 'ਤੇ ਕਈ ਗੰਭੀਰ ਇਲਜ਼ਾਮ ਵੀ ਲਾਏ ਗਏ।

ਕੈਟ ਨੇ ਕਿਹਾ ਕਿ ਬਿੱਗ ਬੌਸ 13 ਵਿੱਚ ਬੇਹੱਦ ਅਸ਼ਲੀਲਤਾ ਤੇ ਗੰਦੇ ਮਜ਼ਾਕਾਂ ਦਾ ਖੁੱਲ੍ਹੇਆਮ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਸ਼ੋਅ ਨੂੰ ਘਰੇਲੂ ਮਾਹੌਲ ਵਿੱਚ ਦੇਖਣਾ ਮੁਸ਼ਕਲ ਹੈ ਅਤੇ ਇਸ ਵਿੱਚ ਦੇਸ਼ ਦੀਆਂ ਪੁਰਾਣੀਆਂ ਰਵਾਇਤੀ, ਸਮਾਜਕ ਅਤੇ ਤਹਿਜ਼ੀਬੀ ਕਦਰਾਂ ਕੀਮਤਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਟੀ ਆਰ ਪੀ ਅਤੇ ਮੁਨਾਫੇ ਦੇ ਲਾਲਚ ਵਿੱਚ ਬਿੱਗ ਬੌਸ ਟੀ ਵੀ ਚੈਨਲ ਰਾਹੀਂ ਦੇਸ਼ ਵਿੱਚ ਸਮਾਜਕ ਇਕਸੁਰਤਾ ਨੂੰ ਖਤਮ ਕੀਤਾ ਜਾ ਰਿਹਾ ਹੈ, ਜਿਸ ਨੂੰ ਭਾਰਤ ਵਰਗੇ ਦੇਸ਼ ਦੀ ਵੰਨ-ਸੁਵੰਨੀ ਤਹਿਜ਼ੀਬ ਵਿੱਚ ਕਤਈ ਤੌਰ 'ਤੇ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਕੈਟ ਦੇ ਕੌਮੀ ਪ੍ਰਧਾਨ ਬੀ ਸੀ ਭਰਤੀਆ ਤੇ ਕੌਮੀ ਜਨਰਲ ਸਕੱਤਰ ਪ੍ਰਵੀਨ ਖੰਡੇਲਵਾਲ ਨੇ ਜਾਵਡੇਕਰ ਨੂੰ ਭੇਜੀ ਚਿੱਠੀ ਵਿੱਚ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾ ਸਿਰਫ ਭਾਰਤ ਵਿੱਚ ਸਗੋਂ ਸਭ ਤੋਂ ਉਚੇ ਵਿਸ਼ਵ ਮੰਚਾਂ 'ਤੇ ਦੇਸ਼ ਦੀਆਂ ਤਹਿਜ਼ੀਬੀ ਕਦਰਾਂ ਕੀਮਤਾਂ ਦੀ ਜ਼ਬਰਦਸਤ ਪੈਰੋਕਾਰੀ ਕਰ ਰਹੇ ਹਨ। ਇਸ ਨਜ਼ਰੀਏ ਤੋਂ ਇਸ ਮਾਮਲੇ ਨੂੰ ਤੁਰੰਤ ਦੇਖਿਆ ਜਾਣਾ ਚਾਹੀਦਾ ਹੈ ਅਤੇ ਬਿੱਗ ਬੌਸ ਦੇ ਸ਼ੋਅ 'ਤੇ ਫੌਰੀ ਤੌਰ 'ਤੇ ਪਾਬੰਦੀ ਲਾਈ ਜਾਣੀ ਚਾਹੀਦੀ ਹੈ।

# ਭਾਰਤ ਨੂੰ ਆਪਣੇ ਨਾਗਰਿਕਾਂ ਦੇ ਸਵਿਸ ਬੈਂਕ ਖਾਤਿਆਂ ਦੀ ਪਹਿਲੀ ਸੂਚੀ ਮਿਲੀ

## * ਸਵਿਟਜ਼ਰਲੈਂਡ ਸਰਕਾਰ ਨੇ ਭਾਰਤ ਸਰਕਾਰ ਨੂੰ ਸੂਚੀ ਦਿੱਤੀ

ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)- ਕਾਲੇ ਧਨ ਦੇ ਖ਼ਿਲਾਫ਼ ਲੜਾਈ ਵਿੱਚ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੂੰ ਇਕ ਵੱਡੀ ਕਾਮਯਾਬੀ ਮਿਲੀ ਹੈ। ਭਾਰਤ ਤੇ ਸਵਿਟਜ਼ਰਲੈਂਡ ਵਿਚਾਲੇ ਕਾਲੇ ਧਨ ਦੀ ਸੂਚਨਾ ਦੇ ਲੈਣ-ਦੇਣ ਦੀ ਨਵੀਂ ਵਿਵਸਥਾ ਤਹਿਤ ਭਾਰਤ ਨੂੰ ਆਪਣੇ ਨਾਗਰਿਕਾਂ ਦੇ ਸਵਿਸ ਬੈਂਕ ਖਾਤਿਆਂ ਦੀ ਪਹਿਲੀ ਸੂਚੀ ਸਵਿਟਜ਼ਰਲੈਂਡ ਸਰਕਾਰ ਤੋਂ ਮਿਲ ਗਈ ਹੈ। ਉਂਜ ਸੂਚਨਾਵਾਂ ਦਾ ਇਹ ਲੈਣ-ਦੇਣ ਵੀ ਭੇਦ ਗੁਪਤ ਰੱਖਣ ਦੀ ਸ਼ਰਤ ਨਾਲ ਕੀਤਾ ਗਿਆ ਹੈ। ਇਸ ਲਈ ਉਨ੍ਹਾਂ ਭਾਰਤੀਆਂ ਦੇ ਨਾਂ ਅਤੇ ਹੋਰ ਵੇਰਵੇ ਜਨਤਕ ਨਹੀਂ ਕੀਤੇ ਗਏ।

ਭਾਰਤ ਇਸ ਸੂਚੀ ਨਾਲ ਉਨ੍ਹਾਂ 75 ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ ਜਿਨ੍ਹਾਂ ਨਾਲ ਸਵਿਟਜ਼ਰਲੈਂਡ ਸਰਕਾਰ ਨੇ ਬੈਂਕ ਖਾਤਿਆਂ ਨਾਲ ਜੁੜੀਆਂ ਜਾਣਕਾਰੀਆਂ ਸਾਂਝੀਆਂ ਕੀਤੀਆਂ ਹਨ। ਸਵਿਟਜ਼ਰਲੈਂਡ ਦੇ ਟੈਕਸ ਵਿਭਾਗ ਦੇ ਅਫਸਰਾਂ ਨੇ ਕਿਹਾ ਕਿ ਸਤੰਬਰ 2020 ਵਿੱਚ ਭਾਰਤ ਨਾਲ ਇੱਕ ਵਾਰ ਫਿਰ ਵਿੱਤੀ ਖਾਤਿਆਂ ਦੀਆਂ ਸੂਚਨਾਵਾਂ ਦੇ ਬਾਰੇ ਲੈਣ-ਦੇਣ ਹੋਵੇਗਾ। ਮਾਹਿਰਾਂ ਮੁਤਾਬਕ ਭਾਰਤ ਨੂੰ ਸੂਚਨਾਵਾਂ ਦੇ ਖ਼ੁਦ ਲੈਣ-ਦੇਣ ਦੇ ਨਵੇਂ ਪ੍ਰਬੰਧ ਹੇਠ ਸਵਿਟਜ਼ਰਲੈਂਡ ਦੇ ਬੈਂਕਾਂ ਵਿੱਚ ਆਪਣੇ ਨਾਗਰਿਕਾਂ ਦੇ ਖਾਤਿਆਂ ਦੇ ਵੇਰਵੇ ਦੀ ਪਹਿਲੀ ਸੂਚੀ ਮਿਲ ਗਈ ਹੈ। ਦੋਵੇਂ ਦੇਸ਼ਾਂ ਵਿੱਚ ਸੂਚਨਾਵਾਂ ਦੇ ਲੈਣ-ਦੇਣ ਦੀ ਇਸ ਵਿਵਸਥਾ ਨਾਲ ਭਾਰਤ ਨੂੰ ਵਿਦੇਸ਼ ਵਿੱਚ ਆਪਣੇ ਨਾਗਰਿਕਾਂ ਦੇ ਜਮ੍ਹਾਂ ਕਰਵਾਏ ਕਾਲੇ ਧਨ ਖ਼ਿਲਾਫ਼ ਲੜਾਈ ਵਿੱਚ ਮਦਦ ਮਿਲੇਗੀ। ਇਨ੍ਹਾਂ ਜਾਣਕਾਰੀਆਂ ਵਿੱਚ ਬੈਂਕ ਖਾਤੇ ਵਿੱਚ ਜਮ੍ਹਾਂ ਰਕਮ ਤੋਂ ਲੈ ਕੇ ਰਕਮ ਟਰਾਂਸਫਰ ਕਰਨ ਦੇ ਵੇਰਵੇ ਨਾਲ ਹੀ ਆਮਦਨ ਦਾ ਪੁਖ਼ਤਾ ਵੇਰਵਾ ਵੀ ਮਿਲਿਆ ਹੈ। ਇਸ ਵਿਚ ਸਕਿਓਰਿਟੀਜ਼ ਅਤੇ ਹੋਰ ਜਾਇਦਾਦਾਂ ਵਿੱਚ ਨਿਵੇਸ਼ ਆਦਿ ਵੀ ਸ਼ਾਮਲ ਹਨ। ਅਧਿਕਾਰੀਆਂ ਨੇ ਕਿਹਾ ਕਿ ਜ਼ਿਆਦਾਤਰ ਵੇਰਵੇ ਪਰਵਾਸੀ ਭਾਰਤੀਆਂ ਸਮੇਤ ਦੇਸ਼ ਦੇ ਕਾਰੋਬਾਰੀਆਂ ਦੇ ਹਨ। ਇਨ੍ਹਾਂ ਵਿੱਚ ਬਹੁਤੇ ਉਹ ਭਾਰਤੀ ਹਨ, ਜਿਹੜੇ ਕੁਝ ਦੱਖਣੀ-ਪੂਰਬੀ ਏਸ਼ਿਆਈ ਦੇਸ਼ਾਂ ਵਿੱਚ ਵੱਸ ਗਏ ਹਨ। ਕੁਝ ਭਾਰਤੀ ਤਾਂ ਅਫਰੀਕੀ ਤੇ ਦੱਖਣੀ ਅਮਰੀਕੀ ਦੇਸ਼ਾਂ ਵਿੱਚ ਜਾ ਵੱਸੇ ਹਨ। ਇਸ ਤੋਂ ਇਲਾਵਾ ਘੱਟੋ-ਘੱਟ 100 ਅਜਿਹੇ ਮਾਮਲੇ ਉਨ੍ਹਾਂ ਭਾਰਤੀਆਂ ਦੇ ਹਨ, ਜਿਨ੍ਹਾਂ ਦੇ ਖਾਤੇ ਬਹੁਤ ਪੁਰਾਣੇ ਹਨ, ਪਰ ਇਨ੍ਹਾਂ ਲੋਕਾਂ ਨੇ ਕਿਸੇ ਕਾਰਵਾਈ ਤੋਂ ਬਚਣ ਲਈ 2018 ਤੋਂ ਪਹਿਲਾਂ ਇਨ੍ਹਾਂ ਖਾਤਿਆਂ ਨੂੰ ਬੰਦ ਕਰ ਦਿੱਤਾ ਸੀ।





ਸਵਿਟਜ਼ਰਲੈਂਡ ਦੇ ਫੈਡਰਲ ਟੈਕਸ ਐਡਮਨਿਸਟਰੇਸ਼ਨ ਨੇ ਕੁੱਲ 31 ਲੱਖ ਵਿੱਤੀ ਖਾਤਿਆਂ ਬਾਰੇ ਦੱਸਿਆ ਹੈ ਅਤੇ ਆਪਣੇ ਭਾਈਵਾਲ ਦੇਸ਼ਾਂ ਤੋਂ ਕੁੱਲ 24 ਲੱਖ ਖਾਤਿਆਂ ਦੀ ਜਾਣਕਾਰੀ ਲਈ ਹੈ। ਕਰੀਬ 7500 ਅਦਾਰੇ (ਬੈਂਕ, ਟਰੱਸਟ ਅਤੇ ਬੀਮਾ ਕੰਪਨੀਆਂ) ਮੌਜੂਦਾ ਸਮੇਂ ਵਿੱਚ ਇਸ ਪ੍ਰਬੰਧ ਵਿੱਚ ਰਜਿਸਟਰਡ ਹਨ।

## ਤੇਲੰਗਾਨਾ ਸਰਕਾਰ ਨੇ 48 ਹਜ਼ਾਰ ਹੜਤਾਲੀ ਮੁਲਾਜ਼ਮ ਨੌਕਰੀ ਤੋਂ ਕੱਢੇ





ਹੈਦਰਾਬਾਦ, 7 ਅਕਤੂਬਰ (ਪੋਸਟ ਬਿਊਰੋ)- ਤੇਲੰਗਾਨਾ ਸਰਕਾਰ ਨੇ ਐਤਵਾਰ ਨੂੰ ਤੇਲੰਗਾਨਾ ਸਟੇਟ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਟੀ ਐੱਸ ਆਰ ਟੀ ਸੀ) ਦੇ 48 ਹਜ਼ਾਰ ਤੋਂ ਵੱਧ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਇਹ ਫ਼ੈਸਲਾ ਇਸ ਰਾਜ ਵਿੱਚ ਮੁਲਾਜ਼ਮਾਂ ਦੀ ਚੱਲ ਰਹੀ ਅਣਮਿੱਥੇ ਸਮੇਂ ਦੀ ਹੜਤਾਲ ਦੇ ਕਾਰਨ ਲਿਆ ਗਿਆ ਹੈ।

ਬੀਤੇ ਐਤਵਾਰ ਨੂੰ ਦੇਰ ਸ਼ਾਮ ਤੇਲੰਗਾਨਾ ਦੇ ਮੁੱਖ ਮੰਤਰੀ ਚੰਦਰਸ਼ੇਖਰ ਰਾਓ ਨੇ ਆਵਾਜਾਈ ਵਿਭਾਗ ਦੇ ਅਫਸਰਾਂ ਨਾਲ ਬੈਠਕ ਤੋਂ ਬਾਅਦ ਕਿਹਾ ਕਿ ਟੀ ਐੱਸ ਆਰ ਟੀ ਸੀ ਵਿੱਚ ਇਸ ਵੇਲੇ ਸਿਰਫ਼ 1200 ਮੁਲਾਜ਼ਮ ਹਨ। ਇਨ੍ਹਾਂ ਵਿੱਚ ਉਹ ਲੋਕ ਸ਼ਾਮਲ ਹਨ, ਜੋ ਹੜਤਾਲ ਵਿੱਚ ਸ਼ਾਮਲ ਨਹੀਂ ਜਾਂ ਅਲਟੀਮੇਟਮ ਤੋਂ ਬਾਅਦ ਸਨਿ-ਚਰਵਾਰ ਸ਼ਾਮ 6 ਵਜੇ ਤਕ ਡਿਊਟੀ ਉੱਤੇ ਆ ਗਏ ਸਨ। ਅਣਮਿੱਥੇ ਸਮੇਂ ਦੀ ਹੜਤਾਲ ਉੱਤੇ ਬੈਠੇ ਮੁਲਾਜ਼ਮਾਂ ਨੂੰ ਸਰਕਾਰ ਨੇ ਸ਼ੁਕਰਵਾਰ ਦੇਰ ਰਾਤ ਚਿਤਾਵਨੀ ਦਿੱਤੀ ਸੀ ਕਿ ਜਿਹੜੇ ਲੋਕ ਸਨਿ-ਚਰਵਾਰ ਸਾਮ 6 ਵਜੇ ਤਕ ਡਿਊਟੀ ਉੱਤੇ ਆਉਣਗੇ, ਸਿਰਫ ਉਨ੍ਹਾਂ ਨੂੰ ਟੀ ਐੱਸ ਆਰ ਟੀ ਸੀ ਦਾ ਮੁਲਾਜ਼ਮ ਮੰਨਿਆ ਜਾਵੇਗਾ। ਇਸ ਤੋਂ ਇਲਾਵਾ ਸਰਕਾਰ ਨੇ ਕਿਹਾ ਸੀ ਕਿ ਬਾਕੀ ਲੋਕਾਂ ਨੂੰ ਕਦੇ ਵੀ ਨੌਕਰੀ ਉੱਤੇ ਵਾਪਸ ਨਹੀਂ ਲਿਆ ਜਾਵੇਗਾ। ਇਸ ਨਾਲ ਉਨ੍ਹਾਂ ਨੇ ਟੀ ਐੱਸ ਆਰ ਟੀ ਸੀ ਨੂੰ ਰਾਜ ਸਰਕਾਰ ਹੇਠ ਸੇਵਾਵਾਂ ਵਿੱਚ ਸ਼ਾਮਲ ਕਰਨ ਦੀ ਮੰਗ ਵੀ ਰੱਦ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਟੀ ਐੱਸ ਆਰ ਟੀ ਸੀ ਦੇ ਮੁਲਾਜ਼ਮ ਏਥੇ ਰਾਜ ਸਰਕਾਰ ਦੀਆਂ ਸੇਵਾਵਾਂ ਵਿੱਚ ਸ਼ਾਮਲ ਕੀਤੇ ਜਾਣ ਦੀ ਮੰਗ ਲਈ ਅਣਮਿੱਥੇ ਸਮੇਂ ਦੀ ਹੜਤਾਲ ਉੱਤੇ ਹਨ। ਇਸ ਕਾਰਨ ਪੂਰੇ ਸੂਬੇ ਦੀਆਂ ਸੜਕਾਂ ਤੋਂ ਟੀ ਐੱਸ ਆਰ ਟੀ ਸੀ ਦੀਆਂ ਬਸਾਂ ਗ਼ਾਇਬ ਹਨ ਅਤੇ ਦਸ ਹਜ਼ਾਰ ਤੋਂ ਵੱਧ ਬਸਾਂ ਡਿਪੋ ਵਿੱਚ ਖੜੀਆਂ ਹਨ। ਇਸ ਕਾਰਨ ਦੁਸਹਿਰੇ ਅਤੇ ਬਤਕੁੰਮਾ ਤਿਉਹਾਰ ਲਈ ਘਰ ਜਾ ਰਹੇ ਲੋਕਾਂ ਨੂੰ ਕਾਫ਼ੀ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਸੂਬੇ ਦੇ ਅਧਿਕਾਰੀ 2100 ਬਸਾਂ ਨੂੰ ਕਿਰਾਏ ਉੱਤੇ ਲੈ ਕੇ ਅਸਥਾਈ ਡਰਾਈਵਰਾਂ ਨੂੰ ਤਾਇਨਾਤ ਕਰ ਕੇ ਬੱਸ ਸੇਵਾ ਨੂੰ ਚਲਾ ਰਹੇ ਹਨ।

## ਤੇਲੰਗਾਨਾ ਵਿੱਚ ਸਿਖਲਾਈ ਵਾਲੇ ਜਹਾਜ਼ ਦੇ ਹਾਦਸੇ ਵਿੱਚ ਦੋ ਮੌਤਾਂ



*ਕ੍ਰੈਸ਼ ਹੋਏ ਜਹਾਜ਼ ਦਾ ਪਿਆ ਮਲਬਾ।*

ਹੈਦਰਬਾਦ, 7 ਅਕਤੂਬਰ (ਪੋਸਟ ਬਿਊਰੋ)-ਤੇਲੰਗਾਨਾ ਦੇ ਵਿਕਾਰਾ-ਬਾਦ ਜ਼ਿਲ੍ਹੇ ਵਿੱਚ ਕੱਲ੍ਹ ਇੱਕ ਸਿਖਲਾਈ ਵਾਲਾ ਜਹਾਜ਼ ਹਾਦਸਾ ਗ੍ਰਸਤ ਹੋ ਗਿਆ, ਜਿਸ ਵਿੱਚ ਦੋ ਪਾਇਲਟਾਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚ ਮਹਿਲਾ ਪਾਇਲਟ ਚੰਡੀਗੜ੍ਹ ਨਾਲ ਸਬੰਧਿਤ ਸੀ। ਇਸ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਹ ਹਾਦਸਾ ਦੁਪਹਿਰ ਸਮੇਂ ਭਾਰੀ ਮੀਂਹ ਕਾਰਨ ਇਸ ਰਾਜ ਵਿੱਚ ਸੁਲਤਾਨ-ਪੁਰ ਪਿੰਡ ਵਿੱਚ ਵਾਪਰਿਆ। ਪਤਾ ਲੱਗਾ ਹੈ ਕਿ ਇਹ ਜਹਾਜ਼ ਇੱਕ ਨਿੱਜੀ ਹਵਾਬਾਜ਼ੀ ਅਕੈਡਮੀ ਨਾਲ ਸਬੰਧਤ ਸੀ। ਸੂਤਰਾਂ ਅਨੁਸਾਰ ਭਾਰੀ ਮੀਂਹ ਹੋਣ ਕਾਰਨ ਇਹ ਜਹਾਜ਼ ਖੇਤਾਂ ਵਿੱਚ ਕ੍ਰੈਸ਼ ਹੋ ਗਿਆ ਤੇ ਦੋਵਾਂ ਪਾਇਲਟਾਂ ਦੀ ਮੌਤ ਮੌਕੇ 'ਤੇ ਹੋ ਗਈ। ਮ੍ਰਿਤਕ ਪਾਇਲਟ ਅਮਨਪ੍ਰੀਤ ਕੌਰ ਸਿੱਧੂ ਚੰਡੀਗੜ੍ਹ ਨਾਲ ਸਬੰਧ ਰੱਖਦੀ ਸੀ ਤੇ ਦੂਸਰੇ ਪਾਇਲਟ ਦੀ ਪਹਿਚਾਣ ਪ੍ਰਕਾਸ਼ ਵਿਸ਼ਾਲ ਵਜੋਂ ਹੋਈ ਹੈ ਅਤੇ ਦੋਵਾਂ ਹਵਾਬਾਜ਼ੀ ਐਕਡਮੀ ਦੇ ਵਿਦਿਆਰਥੀ ਹੈ। ਹਵਾਬਾਜ਼ੀ ਅਥਾਰਟੀ ਜਹਾਜ਼ ਦੇ ਹਾਦਸਾ ਗ੍ਰਸਤ ਹੋਣ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।

## ਸਕੂਲਾਂ 'ਚ ਚੱਲ ਰਿਹਾ ਫਰਜ਼ੀਵਾੜਾ ਹੌਲੀ ਹੌਲੀ ਖਤਮ ਹੋਣ ਲੱਗਾ

ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)- ਦੇਸ਼ ਦੇ ਸਕੂਲਾਂ 'ਚ ਅਧਿਆਪਕਾਂ ਦੀ ਤਾਇਨਾਤੀ ਕਰਨ ਦੇ ਕੰਮ ਤੋਂ ਲੈ ਕੇ ਵਿਦਿਆਰਥੀਆਂ ਦੀ ਗਿਣਤੀ ਅਤੇ ਬੁਨਿਆਦੀ ਢਾਂਚੇ ਤੱਕ ਬਾਰੇ ਹੋ ਰਿਹਾ ਫਰਜ਼ੀਵਾੜਾ ਬੰਦ ਹੋਣ ਲੱਗਾ ਹੈ। ਸਕੂਲਾਂ ਨਾਲ ਜੁੜੀ ਅਜਿਹੀ ਹਰ ਜਾਣਕਾਰੀ ਆਨਲਾਈਨ ਹੋਵੇਗੀ। ਕਿਹੜਾ ਸਕੂਲ ਕਿੱਥੇ ਮੌਜੂਦ ਹੈਮ ਇਹ ਵੀ ਜੀਓ ਟੈਗਿੰਗ ਜ਼ਰੀਏ ਦੇਖਿਆ ਜਾ ਸਕੇਗਾ। ਇਸ ਉੱਤੇ ਕੰਮ ਸ਼ੁਰੂ ਹੋ ਗਿਆ ਹੈ ਤੇ ਅਗਲੇ ਛੇ ਮਹੀਨਿਆਂ ਅੰਦਰ ਇਹ ਸਭ ਕੁਝ ਆਨਲਾਈਨ ਹੋਵੇਗਾ। ਖਾਸ ਗੱਲ ਇਹ ਹੈ ਕਿ ਇਨ੍ਹਾਂ ਵਿੱਚ ਨਿੱਜੀ ਤੇ ਸਰਕਾਰੀ ਦੋਵੇਂ ਸਕੂਲ ਹੀ ਸ਼ਾਮਲ ਹੋਣਗੇ।





ਮਨੁੱਖੀ ਸਰੋਤ ਵਿਕਾਸ ਮੰਤਰਾਲੇ ਨੇ ਫਿਲਹਾਲ ਸਕੂਲਾਂ ਬਾਰੇ ਇਹ ਪੂਰੀ ਕਵਾਇਦ ਉਸ ਵੇਲੇ ਸ਼ੁਰੂ ਕੀਤੀ ਹੈ ਜਦੋਂ ਸਕੂਲਾਂ ਵੱਲੋਂ ਗਲਤ ਜਾਣਕਾਰੀ ਦੇ ਕੇ ਵਿੱਤੀ ਮਦਦ ਲੈਣ ਦੀਆਂ ਸ਼ਿਕਾਇਤਾਂ ਤੇਜ਼ ਹੋਈਆਂ ਹਨ। ਇਨ੍ਹਾਂ ਵਿੱਚ ਸਰਕਾਰੀ ਮਦਦ ਵਾਲੇ ਸਕੂਲ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹਨ, ਪਰ ਇਨ੍ਹਾਂ ਦੀ ਗਿਣਤੀ ਕੁਲ ਸਕੂਲਾਂ ਦੀ ਗਿਣਤੀ ਦਾ ਸਿਰਫ ਪੰਜ ਫੀਸਦੀ ਹੈ। ਇਸ ਦੇ ਬਾਵਜੂਦ ਮੰਤਰਾਲੇ ਕੋਲ ਜੋ ਰਿਪੋਰਟ ਆਈ ਹੈ। ਉਸ ਮੁਕਾਬਕ ਇਨ੍ਹਾਂ ਸਕੂਲਾਂ ਕੋਲ ਨਾ ਤਾਂ ਬੁਨਿਆਦੀ ਢਾਂਚਾ ਹੈ ਅਤੇ ਨਾ ਲੋੜੀਦੇ ਅਧਿਆਪਕ ਹਨ। ਇਸ ਹਾਲਤ ਵਿੱਚ ਵੱਡੀ ਗਿਣਤੀ ਨਿੱਜੀ ਸਕੂਲ ਇੱਕ ਜਾਂ ਦੋ ਕਮਰਿਆਂ ਵਿੱਚੋਂ ਚਲਾਏ ਜਾ ਰਹੇ ਹਨ, ਓਥੇ ਸਰਕਾਰੀ ਸਕੂਲਾਂ ਬਾਰੇ ਵੀ ਸਰਕਾਰ ਦੀ ਸਥਿਤੀ ਖਰਾਬ ਹੈ ਕਿਉਂਕਿ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਅਜਿਹੇ ਸਰਕਾਰੀ ਸਕੂਲ ਹਨ, ਜੋ ਇੱਕ ਜਾਂ ਜੋ ਅਧਿਆਪਕਾਂ ਦੇ ਭਰੋਸੇ ਚੱਲ ਰਹੇ ਹਨ। ਉਨ੍ਹਾਂ ਵਿੱਚ ਬੁਨਿਆਦੀ ਢਾਂਚੇ ਦੀ ਵੀ ਕਮੀ ਹੈ। ਇਹ ਸਥਿਤੀ ਉਦੋਂ ਹੈ ਜਦੋਂ ਕੌਮੀ ਪੱਧਰ 'ਤੇ ਅਧਿਆਪਕਾਂ ਤੇ ਵਿਦਿਆਰਥੀਆਂ ਵਿਚਾਲੇ ਅਨੁਪਾਤ ਕਾਫੀ ਬਿਹਤਰ ਹੈ। ਹਰੇਕ 23 ਤੋਂ 24 ਵਿਦਿਆਰਥੀਆਂ ਪਿੱਛੇ ਇੱਕ ਅਧਿਆਪਕ ਹੈ।

ਇਸ ਬਾਰੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੀ ਸਕੂਲੀ ਸਿੱਖਿਆ ਦੀ ਸੈਕਟਰੀ ਰੀਨੇ ਰੇਅ ਦੇ ਮੁਤਾਬਕ ਸਕੂਲਾਂ ਨਾਲ ਜੁੜੀਆਂ ਗੜਬੜਾਂ ਨੂੰ ਪੂਰੀ ਤਰ੍ਹਾਂ ਰੋਕਣ ਲਈ ਸਾਰੇ ਸਕੂਲਾਂ ਦਾ ਜੀ ਆਈ ਐਸ (ਜਿਓਗ੍ਰਾਫੀਕਲ ਇਨਫਰਮੇਸ਼ਨ ਸਿਸਟਮ) ਸਰਵੇ ਕਰਵਾ ਰਹੇ ਹਨ। ਇਸ ਹੇਠ ਹਰ ਸਕੂਲ ਦੀ (ਨਿੱਜੀ ਅਤੇ ਸਰਕਾਰੀ ਦੋਵਾਂ) ਦੀ ਜੀਓ ਟੈਗਿੰਗ ਹੋਵੇਗੀ ਜਿਸ ਨਾਲ ਸਕੂਲ ਨਾਲ ਜੁੜੀ ਹਰ ਜਾਣਕਾਰੀ ਦੇਖੀ ਜਾ ਸਕੇਗੀ। ਸਕੂਲਾਂ ਤੋਂ ਹੀ ਇਸ ਦੀ ਜਾਣਕਾਰੀ ਮੰਗੀ ਜਾ ਰਹੀ ਹੈ। ਬਾਅਦ ਵਿੱਚ ਇਸ ਦਾ ਥਰਡ ਪਾਰਟੀ ਵੈਰੀਫਿਕੇਸ਼ਨ ਵੀ ਹੋਵੇਗਾ। ਆਮ ਲੋਕਾਂ ਤੋਂ ਵੀ ਸੁਝਾਅ ਮੰਗੇ ਜਾਣਗੇ। ਜੇ ਕਿਤੇ ਕੋਈ ਗੜਬੜ ਜਾਂ ਗਲਤ ਜਾਣਕਾਰੀ ਦਿੱਤੀ ਗਈ ਹੈ ਤਾਂ ਸ਼ਿਕਾਇਤ 'ਤੇ ਇਸ ਦੀ ਜਾਂਚ ਹੋਵੇਗੀ।

## 14 ਸਾਲਾਂ ਵਿੱਚ ਆਪਣੇ ਪਰਿਵਾਰ ਦੇ ਛੇ ਜੀਆਂ ਨੂੰ ਸਾਇਨਾਈਡ ਦੇ ਕੇ ਮਾਰਿਆ



ਕੋਝੀਕੋਡ, 7 ਅਕਤੂਬਰ (ਪੋਸਟ ਬਿਊਰੋ)- ਕੇਰਲ ਦੇ ਕੋਝੀਕੋਡ ਜ਼ਿਲੇ ਵਿੱਚ ਪਰੁਲਸ ਨੇ ਇੱਕੋ ਪਰਵਾਰ ਦੇ ਛੇ ਮੈਂਬਰਾਂ ਦਾ ਸਿਲਸਿਲੇਵਾਰ ਕਤਲ ਕਰਨ ਦੇ ਇੱਕ ਸਨਸਨੀਖੇਜ਼ ਕੇਸ ਦਾ ਖੁਲਾਸਾ ਕੀਤਾ ਅਤੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਮੁਤਾਬਕ 13 ਸਾਲ ਦੇ ਵਕਫੇ ਦੌਰਾਨ ਮੁੱਖ ਦੋਸ਼ੀ ਔਰਤ ਜੌਲੀ ਅੰਮਾ ਨੇ ਸਾਇਨਾਈਡ ਦੇ ਕੇ ਆਪਣੇ ਹੀ ਟੱਬਰ ਦੇ ਛੇ ਮੈਂਬਰਾਂ ਦਾ ਕਤਲ ਕਰ ਦਿੱਤਾ ਸੀ।

ਇਸ ਸੰਬੰਧ ਵਿੱਚ ਪੁਲਸ ਨੇ ਦੱਸਿਆ ਕਿ ਜੌਲੀ ਨੇ ਆਪਣਾ ਜੁਰਮ ਮੰਨ ਲਿਆ ਹੈ। ਉਸ ਨੂੰ ਹਾਲੇ ਸਿਰਫ ਜੌਲੀ ਦੇ ਪਤੀ ਰਾਏ ਟਾਮਸ ਦੇ ਕਤਲ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਇਨ੍ਹਾਂ ਸਾਰੇ ਛੇ ਕਤਲਾਂ ਦੇ ਕੇਸਾਂ ਵਿੱਚ ਜੌਲੀ ਦੇ ਖਿਲਾਫ ਸਬੂਤ ਇਕੱਠੇ ਕਰਨ ਵਿੱਚ ਲੱਗੀ ਹੋਈ ਹੈ। ਜੌਲੀ ਤੋਂ ਇਲਾਵਾ ਗ੍ਰਿਫਤਾਰ ਕੀਤੇ ਗਏ ਛੇ ਹੋਰ ਮੁਲਜ਼ਮਾਂ ਐਮ ਐਸ ਮੈਥਿਊ ਅਤੇ ਪ੍ਰਾਜੀ ਕੁਮਾਰ 'ਤੇ ਜੌਲੀ ਨੂੰ ਸਾਇਨਾਈਡ ਸਪਲਾਈ ਕਰਨ ਦਾ ਦੋਸ਼ ਹੈ। ਇਸ ਦੌਰਾਨ ਰਾਏ ਦੀ ਮਾਂ ਦੀ ਮੌਤ ਸਾਲ 2002 ਵਿੱਚ, ਪਿਤਾ ਟੌਮ ਟਾਮਸ ਦੀ ਮੌਤ 2008 ਵਿੱਚ, ਚਾਚੇ ਮੈਥਿਊ ਦੀ ਮੌਤ ਸਾਲ 2014 ਵਿੱਚ ਅਤੇ ਚਚੇਰੇ ਭਰਾ ਸ਼ਾਜੂ ਦੀ ਪਤਨੀ ਸਿਲੀ ਦੀ ਮੌਤ 2016 ਵਿੱਚ ਅਤੇ ਉਨ੍ਹਾਂ ਦੀ ਭਤੀਜੀ ਅਲਫਾਇਨ ਦੀ 2011 ਵਿੱਚ ਮੌਤ ਹੋਈ ਸੀ। 14 ਸਾਲਾਂ ਦੀ ਮਿਆਦ ਵਿੱਚ ਹੋਈਆਂ ਇਨ੍ਹਾਂ ਛੇ ਮੌਤਾਂ ਨੂੰ ਲੋਕ ਕੁਦਰਤੀ ਮੌਤਾਂ ਮੰਨਦੇ ਰਹੇ। ਅਜਿਹੇ ਵਿੱਚ ਪੁਲਸ ਦੇ ਖੁਲਾਸੇ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਰਾਏ ਦੇ ਰਿਸ਼ਤੇਦਾਰ ਵੀ ਕੁਦਰਤੀ ਮੌਤ ਮੰਨਦੇ ਰਹੇ, ਪਰ ਉਨ੍ਹਾਂ ਨੂੰ ਸ਼ੱਕ ਉਦੋਂ ਹੋਇਆ ਜਦੋਂ ਰਾਏ ਦੀ ਮੌਤ ਪਿੱਛੋਂ ਜੌਲੀ ਉਸ ਦੀ ਜਾਇਦਾਦ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਵਿੱਚ ਲੱਗ ਗਈ।

## ਅਮਿਤ ਸ਼ਾਹ ਦਾ ਜਹਾਜ਼ ਉਡਾਉਣ ਲਈ ਕਾਰਗਿਲ ਹੀਰੋ ਨੇ ਫਰਜ਼ੀ ਈ-ਮੇਲ ਕਰ ਦਿੱਤੇ

ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)- ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਵਿਸ਼ੇਸ਼ ਜਹਾਜ਼ ਉਡਾਉਣ ਲਈ ਬੀ ਐੱਸ ਐੱਫ ਦੇ ਪਾਇਲਟ ਵਿੰਗ ਕਮਾਂਡਰ (ਰਿਟਾਇਰਡ) ਜੇ ਐਸ ਸਾਂਗਵਾਨ ਵੱਲੋਂ ਫਰਜ਼ੀ ਈ-ਮੇਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਪਿੱਛੋਂ ਜੇ ਐਸ ਸਾਂਗਵਾਨ ਨੇ ਸੀਮਾ ਸੁਰੱਖਿਆ ਬਲ (ਬੀ ਐੱਸ ਐੱਫ) ਦੇ ਏਅਰ ਵਿੰਗ ਤੋਂ ਅਸਤੀਫਾ ਦੇਣ ਦੀ ਪੇਸ਼ਕਸ਼ ਕੀਤੀ ਹੈ, ਪਰ ਉਨ੍ਹਾਂ ਦਾ ਅਸਤੀਫਾ ਹਾਲੇ ਸਵੀਕਾਰ ਨਹੀਂ ਕੀਤਾ ਗਿਆ।





ਜੇ ਐੱਸ ਸਾਂਗਵਾਨ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਅਮਿਤ ਸ਼ਾਹ ਦਾ ਜਹਾਜ਼ ਉਡਾਉਣ ਲਈ ਆਪਣੇ ਉੱਚ ਅਧਿਕਾਰੀਆਂ ਦੇ ਨਾਂਅ ਦਾ ਫਰਜ਼ੀ ਇਸਤੇਮਾਲ ਕੀਤਾ ਅਤੇ ਅਧਿਕਾਰੀਆਂ ਦੇ ਨਾਂਅ ਤੋਂ ਐੱਲ ਐਂਡ ਟੀ ਨੂੰ ਕਈ ਈ-ਮੇਲ ਕੀਤੀਆਂ ਸਨ। ਇਸ ਬਾਰੇ ਉਨ੍ਹਾਂ ਖਿਲਾਫ ਅਪਰਾਧਕ ਦੋਸ਼ਾਂ ਦੀ ਜਾਂਚ ਚੱਲ ਰਹੀ ਹੈ। ਦੋਸ਼ੀ ਵਿੰਗ ਕਮਾਂਡਰ (ਰਿਟਾਇਰਡ) ਸਾਂਗਵਾਨ ਕਾਰਗਿਲ ਜੰਗ ਵਿੱਚ ਵੱਡੀ ਭੂਮਿਕਾ ਨਿਭਾ ਚੁੱਕੇ ਹਨ। ਜੂਨ ਅਤੇ ਜੁਲਾਈ ਵਿੱਚ ਇੰਜੀਨੀਅਰਿੰਗ ਐਂਡ ਕੰਸਟ੍ਰਕਸ਼ਨ ਫਰਮ ਲਾਰਸਨ ਐਂਡ ਟਰੂਬੋ (ਐੱਲ ਐਂਡ ਟੀ) ਨੂੰ ਬੀ ਐੱਸ ਐੱਫ ਦੇ ਏਅਰ ਵਿੰਗ ਤੋਂ ਲਗਾਤਾਰ ਕਈ ਈ-ਮੇਲ ਮਿਲੇ ਸਨ। ਇਨ੍ਹਾਂ ਈ-ਮੇਲ ਵਿੱਚ ਸਾਂਗਵਾਨ ਨੂੰ ਐਲ ਐਂਡ ਟੀ ਦੇ ਜਹਾਜ਼ਾਂ ਨੂੰ ਉਡਾਉਣ ਦਾ ਮੌਕਾ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਵਰਨਣ ਯੋਗ ਹੈ ਕਿ ਬੀ ਐੱਸ ਐੱਫ ਦੇ ਏਅਰ ਵਿੰਗ ਦੇ ਕੋਲ ਗ੍ਰਹਿ ਮੰਤਰੀ ਦੇ ਜਹਾਜ਼ਾਂ ਨੂੰ ਉਡਾਉਣ ਦਾ ਜ਼ਿੰਮਾ ਹੁੰਦਾ ਹੈ। ਈ-ਮੇਲ ਵਿੱਚ ਲਿਖਿਆ ਸੀ ਕਿ ਸਾਂਗਵਾਨ ਦੇ ਕੋਲ ਜਹਾਜ਼ ਉਡਾਉਣ ਦਾ ਕਰੀਬ 4000 ਘੰਟਿਆਂ ਦਾ ਅਨੁਭਵ ਹੈ। ਅਮਿਤ ਸ਼ਾਹ ਦੇ ਜਹਾਜ਼ ਨੂੰ ਉਡਾਉਣ ਤੋਂ ਦੋ ਦਿਨ ਪਹਿਲਾਂ ਕੰਪਨੀ ਨੇ ਬੀ ਐੱਸ ਐੱਫ ਨਾਲ ਸੰਪਰਕ ਕੀਤਾ ਤਾਂ ਪਤਾ ਲੱਗਾ ਕਿ ਉਥੋਂ ਇਸ ਤਰ੍ਹਾਂ ਦੀ ਕੋਈ ਈ-ਮੇਲ ਨਹੀਂ ਭੇਜੀ ਗਈ। ਇਥੋਂ ਤੱਕ ਕਿ ਸਾਂਗਵਾਨ ਨੂੰ ਕੋ-ਪਾਇਲਟ ਦਾ ਵੀ ਦਰਜਾ ਨਹੀਂ ਮਿਲਿਆ ਹੈ। ਇਸ ਖੁਲਾਸੇ ਦੇ ਬਾਅਦ ਜੇ ਐਸ ਸਾਂਗਵਾਨ ਨੇ ਸਤੰਬਰ ਦੇ ਪਹਿਲੇ ਹਫਤੇ ਵਿੱਚ ਹੀ ਅਸਤੀਫੇ ਦੀ ਪਹਿਲੀ ਪੇਸ਼ਕਸ਼ ਕੀਤੀ ਸੀ, ਪਰੰਤੂ ਅਸਤੀਫਾ ਮਨਜ਼ੂਰ ਨਹੀਂ ਹੋਇਆ ਹੈ।

ਬੀ ਐੱਸ ਐੱਫ ਦੇ ਇੱਕ ਉੱਚ ਅਧਿਕਾਰੀ ਦੇ ਮੁਤਾਬਕ ਜਦ ਤੱਕ ਉਨ੍ਹਾਂ ਦੀ ਜਾਂਚ ਪੈਂਡਿੰਗ ਹੈ, ਉਨ੍ਹਾਂ ਦੇ ਅਸਤੀਫੇ 'ਤੇ ਫੈਸਲਾ ਨਹੀਂ ਲਿਆ ਜਾ ਸਕਦਾ। ਦੋਸ਼ੀ ਪਾਇਲਟ ਨੇ ਆਪਣੀ ਸਵੈਇੱਛਾ ਨਾਲ ਦਿੱਤੇ ਅਸਤੀਫੇ ਨੂੰ 31 ਅਕਤੂਬਰ ਨੂੰ ਪ੍ਰਭਾਵੀ ਮੰਨਣ ਦੀ ਗੁਜ਼ਾਰਿਸ਼ ਕੀਤੀ ਸੀ।

## ਹਿਮਾਚਲ ਵਿਚ ਬਰੇਨ ਸਟਰੋਕ ਦਾ ਇੰਜੈਕਸ਼ਨ ਅੱਗੇ ਤੋਂ ਮੁਫਤ

ਸ਼ਿਮਲਾ, 7 ਅਕਤੂਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਸਰਕਾਰ ਨੇ ਮਰੀਜ਼ਾਂ ਦੀ ਸਹੂਲਤ ਲਈ ਹਸਪਤਾਲਾਂ ਵਿੱਚ ਬਰੇਨ ਸਟਰੋਕ ਤੋਂ ਬਚਣ ਲਈ 60000 ਰੁਪਏ ਦਾ ਇੰਜੈਕਸਨ ਮੁਫਤ ਕਰ ਦਿੱਤਾ ਹੈ। ਅੱਗੇ ਤੋਂ ਇਨ੍ਹਾਂ ਬਰੇਨ ਸਟਰੋਕ ਦੇ ਮਰੀਜ਼ਾਂ ਦਾ ਇਲਾਜ ਆਸਾਨੀ ਨਾਲ ਹੋ ਸਕੇਗਾ। ਪਹਿਲਾਂ ਮਰੀਜ਼ਾਂ ਨੂੰ ਵੱਧ ਪੈਸੇ ਖਰਚ ਕੇ ਇੰਜੈਕਸ਼ਨ ਬਾਹਰੋਂ ਖਰੀਦਣਾ ਪੈਂਦਾ ਸੀ। ਬਦਲਦੇ ਹਾਲਾਤ 'ਚ ਬਰੇਨ ਸਟਰੋਕ ਦੇ ਕੇਸ ਤੇਜ਼ੀ ਨਾਲ ਵਧਦੇ ਵੇਖ ਕੇ ਸਰਕਾਰ ਨੇ ਟੀ ਪੀ ਏ ਯਾਨੀ ਟਿਸ਼ੂ ਪਲਾਂਟ ਐਕਟੀਵੇਸ਼ਨ ਇੰਜੈਕਸ਼ਨ ਹਸਪਤਾਲਾਂ 'ਚ ਮੁਫਤ ਰਖਵਾਇਆ ਹੈ।

ਇਸ ਰਾਜ ਵਿੱਚ ਇੰਦਰਾ ਗਾਂਧੀ ਮੈਡੀਕਲ ਕਾਲਜ ਹਸਪਤਾਲ ਤੋਂ ਇਲਾਵਾ 17 ਅਜਿਹੇ ਸਿਹਤ ਕੇਂਦਰ ਹਨ, ਜਿੱਥੇ ਬਰੇਨ ਸਟਰੋਕ ਦਾ ਇਲਾਜ ਸੰਭਵ ਹੈ। ਇਨ੍ਹਾਂ ਸਿਹਤ ਕੇਂਦਰਾਂ 'ਚ ਇੰਜੈਕਸ਼ਨ ਮੁਫਤ ਦਿੱਤਾ ਗਿਆ ਹੈ। ਬਰੇਨ ਸਟਰੋਕ ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਸ 'ਚ ਲਕਵਾ ਅਤੇ ਅਧਰੰਗ ਹਨ। ਇਸ ਦਾ ਕਾਰਨ ਬਰੇਨ ਤੱਕ ਖ਼ੂਨ ਜਾਣ ਦੀ ਸਪਲਾਈ ਪ੍ਰਭਾਵਤ ਹੋਣਾ ਹੈ। ਦਿਮਾਗ ਦੇ ਜਿਸ ਹਿੱਸੇ 'ਚ ਖ਼ੂਨ ਦਾ ਪ੍ਰਵਾਹ ਨਹੀਂ ਹੁੰਦਾ, ਉਥੇ ਅਧਰੰਗ ਜਾਂ ਬਰੇਨ ਸਟਰੋਕ ਹੋ ਜਾਂਦਾ ਹੈ, ਜਿਵੇਂ ਮੂੰਹ-ਹੱਥਾਂ ਦਾ ਕੰਮ ਕਰਨਾ ਬੰਦ ਕਰਨਾ ਤੇ ਬੋਲਣ ਜਾਂ ਸੁਣਨ 'ਚ ਦਿੱਕਤ ਆਉਣਾ ਆਦਿ। ਹਸਪਤਾਲ ਵਿੱਚ 75 ਫੀਸਦੀ ਮਰੀਜ਼ ਅਜਿਹੇ ਆਉਂਦੇ ਹਨ, ਜਿਨ੍ਹਾਂ ਦੇ ਮੂੰਹ-ਹੱਥ ਹਿਲਣੇ-ਜੁਲਣੇ ਬੰਦ ਕਰ ਦਿੰਦੇ ਜਾਂ ਫਿਰ ਉਨ੍ਹਾਂ ਨੂੰ ਬੋਲਣ 'ਚ ਪ੍ਰੇਸ਼ਾਨੀ ਹੁੰਦੀ ਹੈ। ਇਨ੍ਹੀਂ ਦਿਨੀਂ ਆਈ ਜੀ ਐੱਮ ਸੀ 'ਚ ਰੋਜ਼ਾਨਾ ਹੀ ਬਰੇਨ ਸਟਰੋਕ ਦੇ ਮਰੀਜ਼ ਆ ਰਹੇ ਹਨ।

## ਨਵੀਂ ਸਿੱਖਿਆ ਨੀਤੀ ਉਤੇ ਅਮਲ ਬਾਰੇ ਰਾਜਾਂ ਨੇ ਹੋਰ ਮਦਦ ਮੰਗੀ

ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਨੂੰ ਨਵੰਬਰ ਤੱਕ ਲਾਗੂ ਕਰਨ ਦੇ ਯਤਨਾਂ ਦੌਰਾਨ ਕੇਂਦਰ ਸਰਕਾਰ ਨੂੰ ਕਈ ਸੂਬਿਆਂ ਦੀ ਵਾਧੂ ਵਿੱਤੀ ਮਦਦ ਦੀ ਮੰਗ ਨੇ ਪ੍ਰੇਸ਼ਾਨ ਕਰ ਦਿੱਤਾ ਹੈ।

ਬਿਹਾਰ, ਆਂਧਰਾ ਪ੍ਰਦੇਸ਼, ਦਿੱਲੀ, ਮੱਧ ਪ੍ਰਦੇਸ਼, ਉੜੀਸਾ, ਪੰਜਾਬ, ਰਾਜਸਥਾਨ ਵਰਗੇ ਰਾਜਾਂ ਨੇ ਸਿੱਖਿਆ 'ਤੇ ਖਰਚ ਦੇ ਨਿਯਮਾਂ 'ਤੇ ਅਮਲ ਲਈ ਵਾਧੂ ਧਨ ਮੰਗਿਆ ਹੈ। ਨਵੀਂ ਸਿੱਖਿਆ ਨੀਤੀ ਦੇ ਖਰੜੇ ਦੇ ਜ਼ਿਆਦਾਤਰ ਨਿਯਮਾਂ 'ਤੇ ਹੋਰਨਾਂ ਰਾਜਾਂ ਨੇ ਸਹਿਮਤੀ ਪ੍ਰਗਟਾਈ ਹੈ, ਪ੍ਰੰਤੂ ਕੇਰਲ ਨੇ ਇਸ ਨੂੰ ਨਿੱਜੀਕਰਣ ਅਤੇ ਕਾਰੋਬਾਰੀਕਰਨ ਨੂੰ ਸ਼ਹਿ ਦੇਣ ਵਾਲਾ ਦੱਸਦੇ ਹੋਏ ਰੱਦ ਕਰ ਦਿੱਤਾ ਹੈ। ਇਸ ਨੀਤੀ ਦੇ ਖਰੜੇ ਵਿੱਚ ਸਿੱਖਿਆ ਉੱਤੇ ਜੀ ਡੀ ਪੀ ਦਾ ਛੇ ਫੀਸਦੀ ਖਰਚ ਕਰਨ ਦੀ ਵਚਨਬੱਧਤਾ ਦੇ ਲਈ ਸਿਫਾਰਸ਼ ਕੀਤੀ ਗਈ ਹੈ। ਇਸੇ ਬਾਰੇ ਕੇਂਦਰੀ ਸਿੱਖਿਆ ਸਲਾਹਕਾਰ ਬੋਰਡ ਦੀ ਪਿੱਛੇ ਜਿਹੇ ਹੋਈ ਬੈਠਕ ਵਿੱਚ ਇਨ੍ਹਾਂ ਰਾਜਾਂ ਦੇ ਸਿੱਖਿਆ ਮੰਤਰੀਆਂ ਨੇ ਕੇਂਦਰ ਦੇ ਸਾਹਮਣੇ ਇਹ ਮੰਗ ਰੱਖੀ ਹੈ। ਬੈਠਕ ਵਿੱਚ ਮਨੁੱਖੀ ਸਰੋਤ ਤੇ ਵਿਕਾਸ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ ਮੌਜੂਦ ਸਨ।

ਇਸ ਨਾਲ ਜੁੜੀ ਮਨੁੱਖੀ ਸਰੋਤ ਅਤੇ ਵਿਕਾਸ ਮੰਤਰਾਲੇ ਦੀ ਸੰਖੇਪ ਰਿਪੋਰਟ ਦੇ ਅਨੁਸਾਰ ਬਿਹਾਰ ਦੇ ਸਿੱਖਿਆ ਮੰਤਰੀ ਕੇ ਐੱਨ ਪ੍ਰਸਾਦ ਵਰਮਾ ਨੇ ਕਿਹਾ, ਇਸ ਨੀਤੀ ਨੂੰ ਲਾਗੂ ਕਰਨ ਵਿੱਚ ਧਨ ਇੱਕ ਮਹੱਤਵ ਪੂਰਨ ਕਾਰਕ ਹੈ ਅਤੇ ਖਰੜਾ ਨੀਤੀ ਵਿੱਚ ਇਸ ਨੂੰ ਲਾਗੂ ਕਰਨ ਨਾਲ ਸੰਬੰਧਤ ਵਿੱਤੀ ਸਹੂਲਤਾਂ ਦੇ ਬਾਰੇ ਵਿੱਚ ਕੁਝ ਖਾਸ ਨਹੀਂ ਦੱਸਿਆ ਗਿਆ ਹੈ। ਉਨ੍ਹਾਂ ਨੇ ਇਸ ਨੂੰ ਲਾਗੂ ਕਰਨ ਲਈ ਵਿੱਤੀ ਮਦਦ ਅਤੇ ਲੋੜੀਂਦੀ ਵਿੱਤੀ ਯੋਜਨਾ ਦੀ ਲੋੜ ਦੱਸੀ। ਦਿੱਲੀ ਦੇ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਮਦਦ ਵਾਲੇ ਸਰਕਾਰੀ ਸਕੂਲ ਕਾਫੀ ਹੱਦ ਤੱਕ ਨਿਯਮਾਂ ਦੇ ਤਹਿਤ ਹਨ ਤੇ ਉਨ੍ਹਾਂ ਨੂੰ ਜ਼ਰੂਰਤ ਤੋਂ ਘੱਟ ਧਨ ਮਿਲਦਾ ਹੈ। ਉਨ੍ਹਾਂ ਨੇ ਕਿਹਾ, ਖਰੜੇ ਦੀ ਨਵੀਂ ਨੀਤੀ ਵਿੱਚ ਉਸ ਦਾ ਕੋਈ ਹੱਲ ਨਹੀਂ ਦੱਸਿਆ ਗਿਆ। ਉਨ੍ਹਾਂ ਕਿਹਾ ਕਿ ਜਦ ਤੱਕ ਕੋਈ ਅਜਿਹਾ ਕਾਨੂੰਨ ਨਹੀਂ ਹੋਵੇਗਾ, ਜੋ ਸਰਕਾਰ ਨੂੰ ਧਨ ਦੇਣ ਲਈ ਮਜਬੂਰ ਕਰੇ, ਤਦ ਤੱਕ ਇਸ ਨੀਤੀ ਨਾਲ ਭਾਰਤ ਵਿੱਚ ਸਿੱਖਿਆ ਦਾ ਰੂਪ ਨਹੀਂ ਬਦਲੇਗਾ।

ਕੇਰਲ ਦੇ ਸਿੱਖਿਆ ਮੰਤਰੀ ਸੀ ਰਵਿੰ-ਦਰ ਨਾਥ ਨਾ ਫੈਡਰਲ ਢਾਂਚੇ ਦਾ ਵਿਸ਼ਾ ਉਠਾਇਆ। ਉਨ੍ਹਾਂ ਨੇ ਇਸ ਨੀਤੀ ਦੇ ਗੰਭੀਰ ਪ੍ਰਭਾਵਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਹ ਕੇਂਦਰੀਕਰਨ ਵੱਲ ਲੈ ਜਾਏਗਾ।



## ਹਿੰਦੁਸਤਾਨੀ ਖਾਣੇ ਦੀ ਸ਼ਾਨ ਬਣਨਾ ਚਾਹੁੰਦੈ ਅਮਰੀਕੀ ਅਖਰੋਟ

ਫਰਾਂਸਿਸਕੋ, 7 ਅਕਤੂਬਰ (ਪੋਸਟ ਬਿਊਰੋ)- ਭਾਰਤ 'ਚ ਸ਼ਾਕਾਹਾਰੀਆਂ ਦੀ ਵੱਡੀ ਗਿਣਤੀ, ਕੈਂਸਰ ਅਤੇ ਦਿਲ ਦੇ ਰੋਗੀ, ਸ਼ੂਗਰ ਤੇ ਲਗਾਤਾਰ ਵਧਦਾ ਮਾਨਸਿਕ ਤਣਾਅ ਹੋਣ ਨੂੰ ਮੁੱਖ ਰੱਖ ਕੇ ਅਮਰੀਕੀ ਅਖਰੋਟ ਹਿੰਦੁਸਤਾਨੀਆਂ ਦੀ ਖੁਰਾਕ ਦਾ ਜ਼ਰੂਰੀ ਹਿੱਸਾ ਬਣ ਕੇ ਉਨ੍ਹਾਂ ਨੂੰ ਸ਼ਾਨ ਨਾਲ ਸਿਹਤਮੰਦ ਰੱਖਣ ਲਈ ਤਿਆਰ ਹੈ।

ਦੁਨੀਆ ਵਿੱਚ ਸਭ ਤੋਂ ਉਚੇ ਪੱਧਰ ਦਾ ਅਖਰੋਟ ਪੈਦਾ ਕਰਨ ਵਾਲਾ ਅਮਰੀਕਾ ਦਾ ਕੈਲੀਫੋਰਨੀਆ ਸੂਬਾ ਭਾਰਤੀ ਲੋਕਾਂ ਨੂੰ ਇਹ ਦੱਸਣਾ ਚਾਹੁੰਦਾ ਹੈ ਕਿ ਉਨ੍ਹਾਂ ਦੀ ਸਿਹਤ ਲਈ ਸਭ ਤੋਂ ਵੱਧ ਓਮੇਗਾ-3 ਵਾਲਾ ਇਹ ਮੇਵਾ ਕਿਉਂ ਜ਼ਰੂਰੀ ਹੈ ਤੇ ਭੋਜਨ 'ਚ ਇਸ ਦਾ ਬਹੁਪੱਖੀ ਇਸਤੇਮਾਲ ਕਿਵੇਂ ਕੀਤਾ ਜਾ ਸਕਦਾ ਹੈ। ਕੈਲੀਫੋਰਨੀਆ ਆਪਣੇ ਅਖਰੋਟ ਨੂੰ ਕੌਮਾਂਤਰੀ ਬਾਜ਼ਾਰ 'ਚ ਵੱਧ ਤੋਂ ਵੱਧ ਪਹੁੰਚਾਉਣ ਲਈ ਯਤਨਸ਼ੀਲ ਹੈ। ਇਹ ਦੁਨੀਆ ਨੂੰ ਦੱਸ ਰਿਹਾ ਕਿ ਇਹ ਕਿਵੇਂ ਬਾਕੀ ਥਾਵਾਂ ਦੇ ਉਤਪਾਦ ਨਾਲੋਂ ਉਤਮ ਹੈ। ਹਮਲਾਵਰ ਤੇ ਅਸਰਦਾਰ ਮਾਰਕੀਟਿੰਗ ਰਣਨੀਤੀ ਦਾ ਨਤੀਜਾ ਹੈ ਕਿ ਬੇਸ਼ੱਕ ਚੀਨ ਦੁਨੀਆ 'ਚ ਅਖਰੋਟ ਦਾ ਸਭ ਤੋਂ ਵੱਡਾ ਉਤਪਾਦਕ ਹੈ ਪਰ ਅਮਰੀਕਾ ਸਭ ਤੋਂ ਵੱਡਾ ਬਰਾਮਦਕਾਰ ਬਣ ਚੁੱਕਾ ਹੈ। ਭਾਰਤ ਵਿੱਚ ਡਿਊਟੀ ਵਧਣ ਕਾਰਨ ਦਰਾਮਦ ਘੱਟ ਹੋਣ ਨਾਲ ਕੈਲੀਫੋਰਨੀਆ ਚਿੰਤਤ ਹੈ ਪਰ ਉਸ ਨੂੰ ਆਸ ਹੈ ਕਿ ਗੁਣਵੱਤਾ ਤੇ ਕਈ ਤਰ੍ਹਾਂ ਦੇ ਉਤਪਾਦਾਂ ਰਾਹੀਂ ਉਹ ਭਾਰਤ ਦੇ ਵੱਡੇ ਬਾਜ਼ਾਰਾਂ 'ਚ ਜਗ੍ਹਾ ਬਣ ਹੀ ਲਵੇਗਾ।

ਕੈਲੀਫੋਰਨੀਆ ਵਾਲਨਟ ਕਮਿਸ਼ਨ ਦੀ ਸੀਨੀਅਰ ਮਾਰਕੀਟਿੰਗ ਡਾਇਰੈਕਟਰ ਪਾਮੇਲਾ ਗ੍ਰੇਵਿਏਟ ਦਾ ਕਹਿਣਾ ਹੈ ਕਿ ਬੇਸ਼ੱਕ ਭਾਰਤ 'ਚ ਕਸ਼ਮੀਰ ਤੇ ਹੋਰਨਾਂ ਸੂਬਿਆਂ 'ਚ ਅਖਰੋਟ ਹੁੰਦਾ ਹੈ ਪਰ ਉਥੋਂ ਦੀ ਲੋੜ ਕਿਤੇ ਵੱਧ ਹੈ। ਇਹ ਚਿੰਤਾ ਦੀ ਗੱਲ ਹੈ ਕਿ ਭਾਰਤ ਵਿੱਚ 2018 'ਚ ਉਸ ਤੋਂ ਪਿਛਲੇ ਸਾਲ ਦੀ ਤੁਲਨਾ 'ਚ ਲਗੱਭਗ ਅੱਧੀ ਮਾਤਰਾ 'ਚ ਅਖਰੋਟ ਦੀ ਕੈਲੀਫੋਰਨੀਆ ਤੋਂ ਦਰਾਮਦ ਹੋਈ ਹੈ।

## ਇਮਰਾਨ ਨੂੰ ਅਮਰੀਕਾ ਲੈ ਕੇ ਗਿਆ ਜਹਾਜ਼ ਖਰਾਬ ਨਹੀਂ ਹੋਇਆ, ਪ੍ਰਿੰਸ ਨੇ ਵਾਪਸ ਮੰਗ ਲਿਆ ਸੀ

### * ਪ੍ਰਿੰਸ ਵੱਲੋਂ ਇਮਰਾਨ ਨੂੰ ਡਾਂਟਣ ਦੀ ਚਰਚਾ ਵੀ ਹੋਈ

ਇਸਲਾਮਾਬਾਦ, 7 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਤੀਹ ਸਾਲ ਪੁਰਾਣੀ ਮੈਗਜ਼ੀਨ 'ਦ ਫ੍ਰਾਈਡੇ ਟਾਈਮਜ਼' ਨੇ ਦਾਅਵਾ ਕੀਤਾ ਹੈ ਕਿ ਯੂ ਐਨ ਓ ਵਿੱਚ ਕੀਤੇ ਇਮਰਾਨ ਖਾਨ ਦੇ ਭਾਸ਼ਣ ਤੋਂ ਬਹੁਤ ਗੁੱਸੇ 'ਚ ਆਏ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ 27 ਸਤੰਬਰ ਨੂੰ ਆਪਣਾ ਉਹ ਜਹਾਜ਼ ਵਾਪਸ ਮੰਗ ਲਿਆ, ਜਿਸ 'ਚ ਇਮਰਾਨ ਖਾਨ ਨੂੰ ਖੁਦ ਹੀ ਅਮਰੀਕਾ ਭੇਜਿਆ ਸੀ ਤੇ ਉਸੇ ਉੱਤੇ ਪਾਕਿਸਤਾਨ ਵਾਪਸ ਆਉਣਾ ਸੀ। ਉਸ ਵਕਤ ਇਹ ਕਿਹਾ ਗਿਆ ਸੀ ਕਿ ਤਕਨੀਕੀ ਖ਼ਾਮੀਆਂ ਦੇ ਕਾਰਨ ਜਹਾਜ਼ ਨੂੰ ਵਾਪਸ ਮੁੜਨਾ ਪਿਆ ਸੀ, ਪਰ ਗੱਲ ਇਹ ਨਹੀਂ ਸੀ।



ਵਰਨਣ ਯੋਗ ਹੈ ਕਿ ਯੂ ਐਨ ਜਨਰਲ ਅਸੈਂਬਲੀ ਵਿੱਚ ਹਿੱਸਾ ਲੈਣ ਲਈ ਅਮਰੀਕਾ ਦੀ ਯਾਤਰਾ ਤੋਂ ਪਹਿਲਾਂ ਪਾਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਸਾਊਦੀ ਅਰਬ ਗਏ ਸਨ। ਇਥੋਂ ਉਹ ਕਾਰੋਬਾਰੀ ਫਲਾਈਟ ਉੱਤੇ ਨਿਊ ਯਾਰਕ ਜਾ ਰਹੇ ਸਨ, ਪਰ ਸਾਊਦੀ ਅਰਬ ਦੇ ਪ੍ਰਿੰਸ ਨੇ ਉਨ੍ਹਾਂ ਨੂੰ ਮਹਿਮਾਨ ਦੇ ਤੌਰ 'ਤੇ ਆਪਣਾ ਵਿਸ਼ੇਸ਼ ਜਹਾਜ਼ ਦੇ ਦਿੱਤਾ ਸੀ। ਇਮਰਾਨ ਖਾਨ ਉਸੇ ਜਹਾਜ਼ ਵਿੱਚ ਮੁੜ ਰਹੇ ਸਨ, ਪਰ ਇਸ ਨੂੰ ਅੱਧ ਰਸਤੇ 'ਚੋਂ ਵਾਪਸ ਜਾਣਾ ਪਿਆ ਸੀ, ਕਿਉਂਕਿ ਨਾਰਾਜ਼ ਹੋਏ ਸਾਊਦੀ ਅਰਬ ਦੇ ਪ੍ਰਿੰਸ ਨੇ ਆਪਣਾ ਜਹਾਜ਼ ਖੜੇ ਪੈਰ ਵਾਪਸ ਮੰਗ ਲਿਆ ਸੀ। ਪਾਕਿਸਤਾਨ ਸਰਕਾਰ ਨੇ ਇਸ ਰਿਪੋਰਟ ਨੂੰ ਸਰਾਸਰ ਗਲਤ ਅਤੇ ਮਨਘੜਤ ਦੱਸਿਆ ਹੈ। ਫਰਾਈਡੇ ਟਾਈਮਜ਼ ਨੇ ਇਸ ਰਿਪੋਰਟ ਵਿੱਚ ਕਿਹਾ ਕਿ ਇਮਰਾਨ ਖਾਨ ਦੇ ਪ੍ਰਸ਼ੰਸਕਾਂ ਨੇ ਨਿਊ ਯਾਰਕ ਤੋਂ ਪਰਤਣ ਉਤੇ ਉਨ੍ਹਾਂ ਦਾ ਜੇਤੂ ਹੀਰੋ ਵਾਂਗ ਸਵਾਗਤ ਕੀਤਾ ਸੀ ਅਤੇ ਇਮਰਾਨ ਦੇ ਸਮਰਥਕਾਂ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਮਰਾਨ ਦੇ ਭਾਸ਼ਣ ਦੇ ਦੌਰਾਨ ਹਾਲ ਅੱਧਾ ਖਾਲੀ ਪਿਆ ਸੀ ਤੇ ਇਮਰਾਨ ਨੇ ਮੰਨਿਆ ਕਿ ਪਾਕਿਸਤਾਨ ਅਲ ਕਾਇਦਾ ਅੱਤਵਾਦੀਆਂ ਨੂੰ ਟਰੇਨਿੰਗ ਦਿੰਦਾ ਰਿਹਾ ਸੀ। ਫਰਾਈਡੇ ਟਾਈਮਜ਼ ਨੇ ਲਿਖਿਆ ਹੈ ਕਿ ਇਸ ਯਾਤਰਾ ਦੇ ਕੁਝ ਅਣਚਾਹੇ ਨਤੀਜੇ ਵੀ ਰਹੇ ਸਨ। ਪ੍ਰਿੰਸ ਨੂੰ ਪਾਕਿ ਦੇ ਈਰਾਨ ਨਾਲ ਸੰਬੰਧ ਮਜ਼ਬੂਤ ਕਰਨ 'ਤੇ ਵੀ ਇਤਰਾਜ਼ ਸੀ। ਇਸ ਮੈਗਜ਼ੀਨ ਨੇ ਇਹ ਦਾਅਵਾ ਕੀਤਾ ਹੈ ਕਿ ਸਾਊਦੀ ਅਰਬ ਦੇ ਪ੍ਰਿੰਸ ਇਸ ਗੱਲੋਂ ਵੱਧ ਨਾਰਾਜ਼ ਹੋਏ ਕਿ ਇਮਰਾਨ ਇਸਲਾਮਕ ਬਲਾਕ ਦੀ ਕਮਾਨ ਸੰਭਾਲਣ ਦੇ ਲਈ ਲੱਗੇ ਹੋਏ ਸਨ। ਉਨ੍ਹਾਂ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਭਾਰਤ-ਪਾਕਿ ਗੱਲਬਾਤ ਦੀ ਆਸ ਪਹਿਲਾਂ ਤੋਂ ਘੱਟ ਹੋ ਗਈ ਹੈ ਅਤੇ ਉਨ੍ਹਾਂ ਨੇ ਇੱਕ ਖੇਤਰੀ ਮੁੱਦਾ ਇਸਲਾਮੀ ਪਾਕਿਸਤਾਨ ਅਤੇ ਹਿੰਦੂ ਭਾਰਤ ਦਾ ਮੁੱਦਾ ਬਣਾ ਦਿੱਤਾ ਹੈ।

## ਤਾਲਿਬਾਨ ਨੇ 11 ਅੱਤਵਾਦੀ ਛੁਡਾ ਕੇ 3 ਭਾਰਤੀ ਇੰਜੀਨੀਅਰਾਂ ਨੂੰ ਛੱਡਿਆ

ਕਾਬੁਲ, 7 ਅਕਤੂਬਰ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੇ ਅਤਿਵਾਦੀ ਸੰਗਠਨ ਤਾਲਿਬਾਨ ਨੇ ਬੰਦੀ ਬਣਾਏ ਤਿੰਨ ਭਾਰਤੀ ਇੰਜੀਨੀਅਰਾਂ ਨੂੰ ਛੱਡ ਦਿੱਤਾ ਹੈ। ਇਸ ਦੇ ਬਦਲੇ ਉਨ੍ਹਾਂ ਨੇ ਜੇਲ ਵਿੱਚ ਬੰਦ ਆਪਣੇ 11 ਅਤਿਵਾਦੀਆਂ ਨੂੰ ਆਜ਼ਾਦ ਕਰਵਾ ਲਿਆ ਹੈ। ਪਾਕਿਸਤਾਨ ਦੀ ਮੀਡੀਆ ਰਿਪੋਰਟ ਮੁਤਾਬਕ ਇਹ ਅਦਲਾ-ਬਦਲੀ ਐਤਵਾਰ ਕਿਸੇ ਗੁਪਤ ਥਾਂ ਉੱਤੇ ਹੋਈ ਹੈ। ਛੱਡੇ ਗਏ 11 ਅਤਿਵਾਦੀਆਂ ਵਿੱਚ ਸ਼ੇਖ ਅਬਦੁਰ ਰਹੀਮ ਅਤੇ ਮੌਲਵੀ ਅਬਦੁਰ ਰਾਸ਼ਿਦ ਸ਼ਾਮਲ ਹਨ। ਦੋਵੇਂ ਅਤਿਵਾਦੀ ਕੁਨੂਰ ਅਤੇ ਨਿਮਰੋਜ਼ ਸੂਬੇ ਲਈ ਤਾਲਿਬਾਨ ਦੇ ਗਵਰਨਰ ਵਜੋਂ ਕੰਮ ਕਰ ਚੁੱਕੇ ਹਨ। ਇਸ ਅਦਲਾ-ਬਦਲੀ ਲਈ ਭਾਰਤੀ ਅਤੇ ਅਫ਼ਗਾਨ ਅਧਿਕਾਰੀਆਂ ਵਲੋਂ ਕਈ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ। ਵਰਨਣ ਯੋਗ ਹੈ ਕਿ ਤਾਲਿਬਾਨ ਨੇ ਅਫ਼ਗਾਨਿਸਤਾਨ ਦੇ ਉੱਤਰੀ ਬਘਲਾਨ ਸੂਬੇ ਵਿਚਲੇ ਇਕ ਪਾਵਰ ਪਲਾਂਟ ਦਾ ਕੰਮ ਕਰਦੇ 7 ਭਾਰਤੀ ਇੰਜੀਨੀਅਰਾਂ ਨੂੰ ਮਈ 2018 ਵਿੱਚ



ਬੰਦੀ ਬਣਾ ਲਿਆ ਸੀ। ਇਨ੍ਹਾਂ ਵਿੱਚੋਂ ਇਕ ਨੂੰ ਮਾਰਚ ਵਿੱਚ ਛੱਡਿਆ ਗਿਆ ਸੀ, ਪਰ ਹੋਰ ਕਿਸੇ ਦੀ ਜਾਣਕਾਰੀ ਨਹੀਂ ਮਿਲੀ ਸੀ। ਤਿੰਨ ਭਾਰਤੀ ਇੰਜੀਨੀਅਰਾਂ ਦੀ ਰਿਹਾਈ ਤਾਲਿਬਾਨ ਤੇ ਅਮਰੀਕਾ ਵਿਚਾਲੇ ਗੱਲਬਾਤ ਦਾ ਨਤੀਜਾ ਹੈ। ਇਸਲਾਮਾਬਾਦ ਵਿੱਚ ਤਾਲਿਬਾਨ ਤੇ ਅਮਰੀਕੀ ਵਫ਼ਦ ਦੀ ਇਕ ਬੈਠਕ ਵਿੱਚ ਤਾਲਿਬਾਨ ਦੀ ਹਿਰਾਸਤ ਵਿੱਚ ਕੈਦ ਭਾਰਤੀ ਇੰਜੀਨੀਅਰਾਂ ਦੀ ਰਿਹਾਈ ਦਾ ਮੁੱਦਾ ਚੁੱਕਿਆ ਗਿਆ ਸੀ। ਅਮਰੀਕਾ ਵਲੋਂ ਸਮਝੌਤੇ ਦੀ ਗੱਲਬਾਤ ਕਰ ਰਹੇ ਜ਼ਾਲਮੇ ਖਲੀਲਜ਼ਾਦ ਨਾਲ ਹੋਈ ਤਾਲਿਬਾਨ ਦੀ ਬੈਠਕ ਵਿੱਚ ਕੈਦੀਆਂ ਦੀ ਅਦਲਾ-ਬਦਲੀ ਉੱਤੇ ਚਰਚਾ ਹੋਈ ਸੀ। ਫਿਰ ਇਨ੍ਹਾਂ ਕੈਦੀਆਂ ਦੀ ਅਦਲਾ-ਬਦਲੀ 6 ਅਕਤੂਬਰ ਨੂੰ ਇਕ ਅਣਪਛਾਤੀ ਥਾਂ ਕੀਤੀ ਗਈ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਅਫ਼ਗਾਨ ਤਾਲਿਬਾਨ ਦੇ ਮੈਂਬਰਾਂ ਨੂੰ ਅਮਰੀਕੀ ਫ਼ੌਜ ਨੇ ਬਗਰਾਮ ਏਅਰਬੇਸ ਤੋਂ ਆਜ਼ਾਦ ਕੀਤਾ ਸੀ, ਜਿਸ ਦਾ ਭਾਵ ਹੈ ਕਿ ਤਾਲਿਬਾਨ ਤੇ ਅਮਰੀਕਾ ਵਿਚਕਾਰ ਕੈਦੀਆਂ ਦੀ ਅਦਲਾ-ਬਦਲੀ ਦਾ ਸੌਦਾ ਕੀਤਾ ਗਿਆ ਸੀ। ਭਾਰਤੀ ਕੈਦੀਆਂ ਦੀ ਰਿਹਾਈ ਦੀ ਪੁਸ਼ਟੀ ਅਫ਼ਗਾਨ ਤਾਲਿਬਾਨ ਵਲੋਂ ਕੀਤੀ ਗਈ ਹੈ, ਪਰ ਅਫ਼ਗਾਨ ਸਰਕਾਰ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ।

ਦੂਜੇ ਪਾਸੇ ਭਾਰਤ ਸਰਕਾਰ ਨੂੰ ਵੀ ਭਾਰਤੀ ਇੰਜੀਨੀਅਰਾਂ ਦੀ ਰਿਹਾਈ ਬਾਰੇ ਸੂਚਿਤ ਨਹੀਂ ਕੀਤਾ ਗਿਆ। ਭਾਰਤ ਸਰਕਾਰ ਦੇ ਸੂਤਰਾਂ ਦਾ ਕਹਿਣਾ ਹੈ ਕਿ ਉਹ ਅਫ਼ਗਾਨ ਸਰਕਾਰ ਦੇ ਸੰਪਰਕ ਵਿੱਚ ਹਨ, ਕਿਉਂਕਿ ਰਿਹਾਈ ਦੀ ਰਿਪੋਰਟ ਉਨ੍ਹਾਂ ਦੇ ਨੋਟਿਸ ਵਿੱਚ ਆਈ ਹੈ। ਇਸ ਬਾਰੇ ਅਫ਼ਗਾਨ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ।

## ਹਾਂਗਕਾਂਗ ਵਿੱਚ ਚੀਨੀ ਅਧਿਕਾਰੀ ਨੂੰ ਮੁੱਕੇ ਮਾਰਨ ਦੇ ਵੀਡੀਓ ਦਾ ਚੀਨ ਵਿੱਚ ਰੋਸ

ਹਾਂਗਕਾਂਗ, 7 ਅਕਤੂਬਰ (ਪੋਸਟ ਬਿਊਰੋ)- ਹਾਂਗਕਾਂਗ ਵਿੱਚ ਇੱਕ ਲੋਕਤੰਤਰ ਸਮਰਥਕ ਵੱਲੋਂ ਚੀਨੀ ਅਧਿਕਾਰੀ ਨੂੰ ਮੁੱਕੇ ਮਾਰਨ ਦੇ ਵੀਡੀਓ ਨੇ ਚੀਨ ਵਿੱਚ ਰੋਸ ਪੈਦਾ ਕਰ ਦਿੱਤਾ ਹੈ, ਜਿਸ ਨਾਲ ਚੀਨ ਅਤੇ ਹਾਂਗਕਾਂਗ ਵਿੱਚ ਧਰੁਵੀਕਰਨ ਫੈਲਦਾ ਦਿਸ ਰਿਹਾ ਹੈ। ਪੱਤਰਕਾਰਾਂ ਅਤੇ ਪ੍ਰਦਰਸ਼ਨਕਾਰੀਆਂ ਵੱਲੋਂ ਸ਼ੁੱਕਰਵਾਰ ਨੂੰ ਬਣਾਈ ਵੀਡੀਓ ਵਿੱਚ ਹਾਂਗਕਾਂਗ ਦੇ ਵਪਾਰਕ ਜ਼ਿਲ੍ਹੇ ਵਿੱਚ ਇੱਕ ਰੈਲੀ ਤੋਂ ਵੱਖ ਨਕਾਬ ਪਹਿਨੀ ਪ੍ਰਦਰਸ਼ਨਕਾਰੀ ਜੇ ਪੀ ਮਾਰਗਨ ਐਂਟਰੀ ਉਤੇ ਚਿੱਟੀ ਕਮੀਜ਼ ਪਹਿਨੀ ਇੱਕ ਵਿਅਕਤੀ ਨੂੰ ਲਗਾਤਾਰ ਮੁੱਕੇ ਮਾਰਦਾ ਦਿਖਾਈ ਦੇ ਰਿਹਾ ਹੈ।

ਇਸ ਖਬਰ ਅਨੁਸਾਰ ਉਹ ਵਿਅਕਤੀ ਅਮਰੀਕੀ ਬੈਂਕ 'ਚ ਕੰਮ ਕਰਦਾ ਹੈ। ਅਜੇ ਇਹ ਸਾਫ ਨਹੀਂ ਹੋਇਆ ਕਿ ਝੜਪ ਦੀ ਸ਼ੁਰੂਆਤ ਕਿਵੇਂ ਹੋਈ। ਮੰਡਾਰਿਨ ਭਾਸ਼ਾ ਬੋਲ ਰਿਹਾ ਵਿਅਕਤੀ ਪ੍ਰੈਸ ਫੋਟੋਗਰਾਫਰਾਂ ਨਾਲ ਘਿਰਿਆ ਦਿਖਾਈ ਦੇ ਰਿਹਾ ਹੈ ਅਤੇ ਗੁੱਸੇ 'ਚ ਆਈ ਭੀੜ 'ਚੀਨ ਵਾਪਸ ਜਾਓ' ਦੇ ਨਾਅਰੇ ਲਾ ਰਹੀ ਹੈ। ਇਸ ਦੌਰਾਨ ਵਿਅਕਤੀ ਪੱਤਰਕਾਰਾਂ ਦੇ ਘੇਰੇ ਤੋਂ ਬਾਹਰ ਨਿਲਕਦਾ ਅਤੇ ਆਪਣੇ ਦਫਤਰ ਦੇ ਵੱਲ ਜਾਂਦੇ ਹੋਏ ਉਚੀ ਬੋਲਦਾ ਹੈ ਕਿ 'ਅਸੀਂ ਸਾਰੇ ਚੀਨੀ ਹਾਂ।' ਇਸ ਦੇ ਤੁਰੰਤ ਬਾਅਦ ਇੱਕ ਨਕਾਬਪੋਸ਼ ਵਿਅਕਤੀ ਉਸ ਨੂੰ ਲਗਾਤਾਰ ਮੁੱਕੇ ਮਾਰਨ ਲੱਗ ਜਾਂਦਾ ਹੈ। ਇਹ ਵੀਡੀਓ ਸੋਸ਼ਲ ਮੀਡੀਆ 'ਤੇ ਬਹੁਤ ਵਾਇਰਲ ਹੋ ਰਿਹਾ ਹੈ।

## ਵਾਤਾਵਰਨ ਪ੍ਰੇਮੀਆਂ ਵਲੋਂ ਸ਼ਾਪਿੰਗ ਸੈਂਟਰ 'ਤੇ ਕਬਜ਼ਾ

ਪੈਰਿਸ, 7 ਅਕਤੂਬਰ (ਪੋਸਟ ਬਿਊਰੋ)- ਪੌਣ-ਪਾਣੀ ਤਬਦੀਲੀ ਉਤੇ ਸਰਕਾਰਾਂ ਦੀ ਉਦਾਸੀਨਤਾ ਖਿਲਾਫ ਕੱਲ੍ਹ ਸ਼ੁਰੂ ਹੋ ਰਹੇ ਕੌਮਾਂਤਰੀ ਅੰਦੋਲਨ ਤੋਂ ਪਹਿਲਾਂ ਪੈਰਿਸ ਦੇ ਇੱਕ ਸ਼ਾਪਿੰਗ ਸੈਂਟਰ 'ਚ ਸੈਂਕੜੇ ਵਾਤਾਵਰਨ ਪ੍ਰੇਮੀਆਂ ਨੇ ਕਬਜ਼ਾ ਕਰ ਲਿਆ। ਦੱਖਣ-ਪੂਰਬੀ ਪੈਰਿਸ ਵਿਚਲੇ ਇਟੈਲੀ-2 ਸ਼ਾਪਿੰਗ ਸੈਂਟਰ 'ਤੇ ਕੱਲ੍ਹ ਜਮ੍ਹਾਂ ਹੋਏ ਵਰਕਰਾਂ ਦੀਆਂ ਪੁਲਸ ਨਾਲ ਅਤੇ ਦੁਕਾਨਦਾਰਾਂ ਨਾਲ ਝੜਪਾਂ ਵੀ ਹੋਈਆਂ। ਜ਼ਬਰਦਸਤੀ ਵੜੇ ਵਰਕਰਾਂ ਨੇ ਸ਼ਾਪਿੰਗ ਸੈਂਟਰ ਦੇ ਰਸਤੇ ਮੇਜ ਅਤੇ ਕੁਰਸੀਆਂ ਨਾਲ ਬੰਦ ਕਰ ਦਿੱਤੇ, ਜਿਨ੍ਹਾਂ 'ਤੇ ਲਿਖਿਆ ਸੀ, 'ਪੂੰਜੀਵਾਦ ਨੂੰ ਸਾੜੋ, ਪਰ ਪੈਟਰੋਲ ਨਹੀਂ।''



ਸੁਰੱਖਿਆ ਬਲਾਂ ਨੇ ਵਰਕਰਾਂ ਨੂੰ ਪਹਿਲਾਂ ਰਸਤਾ ਖੋਲ੍ਹਣ ਤੇ ਸੈਂਟਰ 'ਚੋਂ ਨਿਕਲਣ ਲਈ ਕਿਹਾ, ਪਰ ਕੋਈ ਅਸਰ ਨਾ ਹੋਣ ਉੱਤੇ ਉਹ ਅੰਦਰ ਦਾਖਲ ਹੋ ਗਏ। ਪੁਲਸ ਨੇ ਵਰਕਰਾਂ ਨੂੰ ਸਮਝਾਉਣ ਦੀਆਂ ਕਾਫੀ ਕੋਸ਼ਿਸ਼ ਕੀਤੀਆਂ, ਪਰ ਉਹ ਨਹੀਂ ਮੰਨੇ। ਆਖਰ ਤੜਕੇ ਚਾਰ ਵਜੇ ਵਰਕਰ ਖੁਦ ਬਾਹਰ ਆ ਗਏ। ਜ਼ਿਕਰ ਯੋਗ ਹੈ ਕਿ ਦੁਨੀਆਂ ਦੇ 60 ਸ਼ਹਿਰਾਂ 'ਚ ਬੀਤੀ ਦਿਨਾਂ ਤੋਂ ਐਕਸਟਿੰਕਸ਼ਨ ਰਿਬੇਲੀਅਨ ਮੂਵਮੈਂਟ ਸ਼ੁਰੂ ਹੋ ਰਿਹਾ ਹੈ। ਇਸ ਅੰਦੋਲਨ ਰਾਹੀ ਪੌਣ-ਪਾਣੀ ਤਬਦੀਲੀ ਨੂੰ ਲੈ ਕੇ ਚਿਤਾਵਨੀ ਦਿੱਤੀ ਜਾ ਰਹੀ ਹੈ। ਐਕਸਟਿੰਕਸ਼ਨ ਰਿਬੇਲੀਅਨ ਮੂਵਮੈਂਟ ਇੱਕ ਤਰ੍ਹਾਂ ਅਹਿੰਸਕ ਅੰਦੋਲਨ ਹੈ। ਇਸ ਦੇ ਤਹਿਤ ਭਾਰਤ, ਬਿਊਨਸ ਆਇਰਸ, ਕੇਪਟਾਊਨ ਤੇ ਵਲਿੰਗਟਨ 'ਚ ਪ੍ਰਦਰਸ਼ਨ ਹੋਣਾ ਹੈ। ਐਕਸਟਿੰਕਸ਼ਨ ਰਿਬੇਲੀਅਨ ਦੀ ਵੈਬਸਾਈਟ 'ਚ ਕਿਹਾ ਗਿਆ ਹੈ ਕਿ 'ਅਸੀਂ ਪੌਣ-ਪਾਣੀ ਅਤੇ ਹਾਲਾਤ ਵੱਸ ਐਮਰਜੈਂਸੀ ਦਾ ਐਲਾਨ ਕੀਤਾ ਹੈ। ਦੁਨੀਆ ਦੀਆਂ ਸਰਕਾਰਾਂ ਨੇ ਇਸ ਬਾਰੇ ਹਾਲੇ ਤੱਕ ਕੁਝ ਨਹੀਂ ਕੀਤਾ।' ਐਕਸਟਿੰਕਸ਼ਨ ਰਿਬੇਲੀਅਨ ਦੀ ਸਥਾਪਨਾ ਪਿਛਲੇ ਸਾਲ ਬ੍ਰਿਟੇਨ ਦੇ ਸਿੱਖਿਆ ਮਾਹਿਰਾਂ ਨੇ ਕੀਤੀ ਸੀ ਤੇ ਇਹ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਵਾਤਾਵਰਨ ਅੰਦੋਲਨ ਬਣ ਗਿਆ ਹੈ।

## ਬਿਡੇਨ ਨੇ ਕਿਹਾ: ਟਰੰਪ ਮੈਨੂੰ ਬਰਬਾਦ ਨਹੀਂ ਕਰ ਸਕਦੇ

ਵਾਸ਼ਿੰਗਟਨ, 7 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਡੈਮੋਕ੍ਰੇਟਿਕ ਪਾਰਟੀ ਤੋਂ ਉਮੀਦਵਾਰੀ ਦੇ ਮਜ਼ਬੂਤ ਦਾਅਵੇਦਾਰ ਜੋ ਬਿਡੇਨ ਨੇ ਯੂਕ੍ਰੇਨ ਮਾਮਲੇ 'ਤੇ ਡੋਨਾਲਡ ਟਰੰਪ 'ਤੇ ਹਮਲਾ ਕੀਤਾ ਹੈ। ਆਪਣੇ ਅਤੇ ਅਪਣੇ ਪੁੱਤਰ ਹੰਟਰ ਦੇ ਖਿਲਾਫ ਜਾਂਚ ਲਈ ਯੂਕ੍ਰੇਨ 'ਤੇ ਦਬਾਅ ਪਾਉਣ ਤੋਂ ਭੜਕੇ ਸਾਬਕਾ ਰਾਸ਼ਟਰਪਤੀ ਬਿਡੇਨ ਨੇ ਕਿਹਾ ਹੈ ਕਿ ਟਰੰਪ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪਰਵਾਰ ਨੂੰ ਤਬਾਹ ਨਹੀਂ ਕਰ ਸਕਦੇ। ਚੋਣਾਂ 'ਚ ਉਹ ਟਰੰਪ ਨੂੰ ਹਰਾ ਦੇਣਗੇ।

ਵਾਸ਼ਿੰਗਟਨ ਪੋਸਟ 'ਚ ਛਪੇ ਲੇਖ 'ਚ ਬਿਡੇਨ ਨੇ ਲਿਖਿਆ, ਤੁਸੀ (ਟਰੰਪ) ਮੈਨੂੰ ਬਰਬਾਦ ਨਹੀਂ ਕਰ ਸਕਦੇ, ਨਾ ਮੇਰੇ ਪਰਵਾਰ ਨੂੰ। ਨਵੰਬਰ 2020 ਦੀਆਂ ਰਾਸ਼ਟਰਪਤੀ ਚੋਣਾਂ 'ਚ ਮੈਂ ਤੁਹਾਨੂੰ ਯਕੀਨੀ ਤੌਰ 'ਤੇ ਹਰਾ ਦੇਵਾਂਗਾ। ਉਨ੍ਹਾਂ ਨੇ ਦੋਸ਼ ਲਾਇਆ ਕਿ ਟਰੰਪ ਆਪਣੇ ਅਹੁਦੇ ਦੀ ਦੁਰਵਰਤੋਂ ਕਰ ਰਹੇ ਹਨ ਅਤੇ ਉਹ ਰਾਸ਼ਟਰਪਤੀ ਅਹੁਦੇ 'ਤੇ ਬਣੇ ਰਹਿਣ ਦੇ ਕਾਬਲ ਨਹੀਂ ਹਨ।

ਦੂਸਰੇ ਪਾਸੇ ਟਰੰਪ ਨੇ ਟਵੀਟ ਕਰਕੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਹੋਣ ਦੇ ਨਾਤੇ ਭ੍ਰਿਸ਼ਟਾਚਾਰ ਖਤਮ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਇਸ 'ਚ ਕਿਸੇ ਦੂਜੇ ਦੇਸ਼ ਤੋਂ ਮਦਦ ਲੈਣ 'ਚ ਵੀ ਕੋਈ ਹਰਜ਼ ਨਹੀਂ ਹੈ। ਜਾਂਚ ਪਿੱਛੇ ਸਿਆਸੀ ਮਕਸਦ ਦੇ ਦੋਸ਼ਾਂ ਨੂੰ ਟਰੰਪ ਨੇ ਸਿਰੇ ਤੋਂ ਰੱਦ ਕਰ ਦਿੱਤਾ ਹੈ।

## 1972 ਦੇ ਬਾਅਦ ਤੋਂ ਚੰਦ ਉੱਤੇ ਕੋਈ ਇਨਸਾਨ ਨਹੀਂ ਗਿਆ

ਲਾਸ ਏਂਜਲਸ, 7 ਅਕਤੂਬਰ (ਪੋਸਟ ਬਿਊਰੋ)- 20 ਜੁਲਾਈ, 1969 ਨੂੰ ਨੀਲ ਆਰਮਸਟਰਾਂਗ ਦੇ ਚੰਦਰਮਾ ਦੀ ਸਤ੍ਹਾ 'ਤੇ ਪਹਿਲਾ ਕਦਮ ਰੱਖਿਆ, ਜਿਸ ਦੇ ਬਾਅਦ 11 ਦਸੰਬਰ 1972 ਨੂੰ ਅਮਰੀਕੀ ਐਸਟਰੋਨਾਟ ਯੂਜੀਨ ਸਰਨੈਨ ਅਤੇ ਹੈਰੀਸਨ ਜੈਕ ਸਿਮਟ ਨੂੰ ਚੰਦਰਮਾ ਦੀ ਸਤ੍ਹਾ 'ਤੇ ਉਤਾਰਿਆ ਗਿਆ। ਕਿਸੇ ਮਨੁੱਖ ਦੇ ਚੰਦਰਮਾ 'ਤੇ ਕਦਮ ਰੱਖਣ ਦੇ ਪੂਰੇ 48 ਸਾਲ ਹੋ ਗਏ ਹਨ। ਅਜਿਹੇ ਵਿੱਚ ਸਵਾਲ ਉਠਦਾ ਹੈ ਕਿ ਆਖਰ ਇੰਨੇ ਸਾਲਾਂ ਤੋਂ ਕੋਈ ਮਨੁੱਖ ਚੰਦ 'ਤੇ ਕਿਉਂ ਨਹੀਂ ਗਿਆ, ਜਿਸ ਦੀ ਸਭ ਨੂੰ ਸੁਣ ਕੇ ਹੈਰਾਨੀ ਹੋ ਸਕਦੀ ਹੈ।

ਸਭ ਤੋਂ ਪਹਿਲਾਂ ਇਹ ਦੱਸਣਾ ਬਣਦਾ ਹੈ ਕਿ ਪਹਿਲੀ ਮੂਨ ਲੈਂਡਿੰਗ ਦੀ 50ਵੀਂ ਵਰ੍ਹੇਗੰਢ ਮੌਕੇ ਅਮਰੀਕੀ ਸਪੇਸ ਏਜੰਸੀ ਨਾਸਾ ਨੇ ਕਿਹਾ ਸੀ ਕਿ ਉਹ ਮਹਿਲਾ ਪੁਲਾੜ ਯਾਤਰੀ ਨੂੰ ਚੰਦ ਉੱਤੇ ਭੇਜਣ ਦੀ ਤਿਆਰੀ ਕਰ ਰਿਹਾ ਹੈ। ਇਸ ਪ੍ਰੋਗਰਾਮ ਨੂੰ ਆਰਟੇਮਿਸ ਨਾਂਅ ਦਿੱਤਾ ਗਿਆ ਹੈ। ਆਸ ਹੈ ਕਿ ਇਹ ਮਿਸ਼ਨ 2024 ਤੱਕ ਪੂਰਾ ਹੋਵੇਗਾ। ਅਜੇ ਤੱਕ ਕਿਸੇ ਮਹਿਲਾ ਪੁਲਾੜ ਯਾਤਰੀ ਦਾ ਨਾਂਅ ਫਾਈਨਲ ਨਹੀਂ ਹੋਇਆ। ਵਰਨਣ ਯੋਗ ਹੈ ਕਿ ਆਖਰੀ ਵਾਰ ਅਪੋਲੋ 17 ਮਿਸ਼ਨ ਦੇ ਤਹਿਤ 11 ਦਸੰਬਰ 1972 ਨੂੰ ਚੈਲੇਂਜਰ ਲੈਂਡਰ ਨਾਲ ਅਮਰੀਕੀ ਐਸਟਰੋਨਾਟ ਯੂਜੀਨ ਸਰਨੈਨ ਤੇ ਹੈਰੀਸਨ ਜੈਕ ਸਿਮਟ ਨੂੰ ਚੰਦ ਦੀ ਸਤਾ 'ਤੇ ਟਾਰਸ-ਲਿਟਰੋ ਨਾਂਅ ਦੇ ਸਥਾਨ 'ਤੇ ਉਤਾਰਿਆ ਗਿਆ ਸੀ। ਵਿਗਿਆਨੀਆਂ ਦੇ ਕਹਿਣਾ ਹੈ ਕਿ ਚੰਦ 'ਤੇ ਮਨੁੱਖ ਨੂੰ ਭੇਜ ਦਿੱਤਾ ਜਾਂਦਾ ਹੈ, ਪਰ ਪ੍ਰੋਸੈਸ ਮਹਿੰਗਾ ਹੈ। ਲਾਸ ਏਂਜਲਸ ਦੇ ਕੈਲੀਫੋਰਨੀਆ ਯੂਨੀਵਰਸਿਟੀ ਵਿੱਚ ਪੁਲਾੜ ਵਿਗਿਆਨ ਦੇ ਪ੍ਰੋਫੈਸਰ ਨੇ ਕਿਹਾ ਕਿ ਚੰਦ 'ਤੇ ਮਨੁੱਖ ਭੇਜਣ ਵਿੱਚ ਕਾਫੀ ਖਰਚਾ ਆਇਆ, ਪਰੰਤੂ ਇਸ ਦਾ ਵਿਗਿਆਨਕ ਫਾਇਦਾ ਘੱਟ ਹੋਇਆ।


FIRST CHOICE FINANCIAL LIMITED

TRUCK LOANS

ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424



ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra

Sales Representative

ਸੰਪਰਕ ਕਰੋ:

416-400-5825

ROYAL LEPAGE

SUPREME REALTY, BROKERAGE*

*INDEPENDENTLY OWNED AND OPERATED

63 Talbot Street | BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

12 Bluffmeadow Street | BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com



MICHELIN | HANKOOK | Continental | ROADLUX | BFGoodrich | AEOLUS | COMPASAL



Chevron Delo

Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055

# ਖੱਡ ਵਿੱਚ ਡਿੱਗੀ ਬਲੈਰੋ, ਚਾਰ ਮੌਤਾਂ, ਡਰਾਈਵਰ ਜ਼ਖਮੀ

ਧਰਮਸ਼ਾਲਾ, 7 ਅਕਤੂਬਰ (ਪੋਸਟ ਬਿਊਰੋ)- ਜ਼ਿਲਾ ਚੰਬਾ ਦੇ ਭਰਮੌਰ ਪੁਲਸ ਸਟੇਸ਼ਨ ਦੇ ਤਹਿਤ ਬੰਨੀ ਮਾਤਾ ਰੋਡ 'ਤੇ ਤਰੇਲਾ ਦੇ ਨੇੜੇ ਬਲੈਰੋ ਕੈਂਪਰ ਗੱਡੀ ਬੇਕਾਬੂ ਹੋ ਕੇ 600 ਮੀਟਰ ਡੂੰਘੀ ਖੱਡ ਵਿੱਚ ਜਾ ਡਿੱਗੀ। ਇਸ ਹਾਦਸੇ ਵਿੱਚ ਚਾਰ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦ ਕਿ ਡਰਾਈਵਰ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਮੈਡੀਕਲ ਕਾਲਜ ਚੰਬਾ ਵਿੱਚ ਭਰਤੀ ਕਰਾਇਆ ਗਿਆ ਹੈ।

ਪਤਾ ਲੱਗਾ ਹੈ ਕਿ ਇਹ ਬਲੈਰੋ ਕੈਂਪਰ ਗੱਡੀ ਤੁੰਦਾ ਤੋਂ ਬੜੋਗ ਵੱਲ ਜਾ ਰਹੀ ਸੀ। ਇਸ ਦੌਰਾਨ ਤਰੇਲਾ ਨਾਲਾ ਤੋਂ ਕਰੀਬ 100 ਮੀਟਰ ਪਿੱਛੇ ਡਰਾਈਵਰ ਦਾ ਗੱਡੀ ਤੋਂ ਸੰਤੁਲਨ ਵਿਗੜ ਗਿਆ ਤੇ ਗੱਡੀ ਕਰੀਬ 600 ਮੀਟਰ ਡੂੰਘੀ ਖੱਡ ਵਿੱਚ ਜਾ ਡਿੱਗੀ। ਇਸ ਘਟਨਾ ਦਾ ਪਤਾ ਲੱਗਦੇ ਸਾਰ ਸਥਾਨਕ ਲੋਕ ਮੌਕੇ ਉਤੇ ਪਹੁੰਚੇ ਅਤੇ ਜ਼ਖਮੀ ਨੂੰ ਸੜਕ ਤੱਕ ਲਿਆਂਦਾ ਅਤੇ ਪੁਲਸ ਨੂੰ ਸੂਚਨਾ ਦਿੱਤੀ ਗਈ। ਇਸ ਗੱਡੀ ਵਿੱਚ ਪੰਜ ਜਣੇ ਸਵਾਰ ਦੱਸੇ ਗਏ ਹਨ। ਜ਼ਖਮੀ ਡਰਾਈਵਰ ਦੀ ਪਛਾਣ ਬਿੱਟੂ (27) ਪੁੱਤਰ ਸੰਕੂ ਪਿੰਡ ਕੁਰਲ ਡਾਕਖਾਨਾ ਤੁੰਦੀ ਤਹਿਸੀਲ ਭਰਮੌਰ ਜ਼ਿਲਾ ਚੰਬਾ ਵਜੋਂ ਹੋਈ ਹੈ। ਹਾਦਸੇ ਵਿੱਚ ਮਾਰੇ ਗਏ ਲੋਕਾਂ ਦੀ ਪਛਾਣ ਰਾਜਿੰਦਰ ਕੁਮਾਰ (30) ਪੁੱਤਰ ਦਲੀਪ ਸਿੰਘ ਪਿੰਡ ਘਰਗਰਾ ਡਾਕਖਾਨਾ ਸਿੰਡਕੁਡ ਜ਼ਿਲਾ ਚੰਬਾ, ਰਮੇਸ਼ ਕੁਮਾਰ (34) ਪੁੱਤਰ ਪੰਛੀ ਰਾਮ ਪਿੰਡ ਘਰਗਰਾ ਡਾਕਖਾਨਾ ਸਿੰਡਕੁਡ ਜ਼ਿਲਾ ਚੰਬਾ, ਸੰਜੀਵ ਕੁਮਾਰ (30) ਪੁੱਤਰ ਰਤਨ ਚੰਦ ਪਿੰਡ ਨਨਲੇਰਾ, ਡਾਕਖਾਨਾ ਸਿੰਡਕੁਡ ਜ਼ਿਲਾ ਚੰਬਾ, ਸੁਰਿੰਦਰ ਕੁਮਾਰ (34) ਖਿਆਲੀਆ ਰਾਮ ਪਿੰਡ ਚਿਟਕੀ ਡਾਕਖਾਨਾ ਕੁਲਾੜਾ ਜ਼ਿਲਾ ਚੰਬਾ ਦੇ ਰੂਪ ਵਿੱਚ ਹੋਈ ਹੈ।

# 50 ਸਾਬਕਾ ਐਮ ਪੀਜ਼ ਨੇ ਅਜੇ ਤੱਕ ਸਰਕਾਰੀ ਬੰਗਲੇ ਨਹੀਂ ਛੱਡੇ

ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)-ਦਿੱਲੀ ਵਿੱਚ ਕਰੀਬ 50 ਸਾਬਕਾ ਪਾਰਲੀਮੈਂਟ ਮੈਂਬਰਾਂ ਨੇ ਚੋਣਾਂ ਹਾਰਨ ਦੇ ਬਾਅਦ ਅਜੇ ਤੱਕ ਆਪਣੇ ਬੰਗਲੇ ਖਾਲੀ ਨਹੀਂ ਕੀਤੇ, ਜਦ ਕਿ ਪਿਛਲੀ ਲੋਕ ਸਭਾ ਭੰਗ ਹੋਈ ਨੂੰ ਪੰਜ ਮਹੀਨੇ ਬੀਤ ਗਏ ਹਨ। ਸਰਕਾਰ ਸੋਧੇ ਹੋਏ ਪਬਲਿਕ ਇਮਾਰਤ (ਅਣਅਧਿਕਾਰਤ ਕਬਜ਼ਾ ਛੱਡਣ) ਐਕਟ ਤਹਿਤ ਉਨ੍ਹਾਂ ਖਿਲਾਫ ਕਾਰਵਾਈ ਕਰਨ ਬਾਰੇ ਵਿਚਾਰ ਕਰ ਕੇ ਕਾਰਵਾਈ ਕਰਨ ਵਾਲੀ ਹੈ।

ਵਰਨਣ ਯੋਗ ਹੈ ਕਿ ਸੋਧਿਆ ਹੋਇਆ ਕਾਨੂੰਨ ਸਰਕਾਰ ਨੂੰ ਸ਼ੋਅ ਕਾਜ ਨੋਟਿਸ ਜਾਰੀ ਕਰਨ ਦਾ ਅਧਿਕਾਰ ਦਿੰਦਾ ਹੈ, ਜੋ ਨਾਜਇਜ਼ ਕਬਜ਼ਾਧਾਰੀਆਂ ਤੋਂ ਤਿੰਨ ਦਿਨਾਂ ਦੇ ਅੰਦਰ ਜਵਾਬ ਮੰਗਦਾ ਹੈ। ਪਿਛਲੇ ਕਾਨੂੰਨ ਦੇ ਆਦੇਸ਼ ਹੇਠ ਇਸ ਦੀ ਮਿਆਦ 15 ਦਿਨਾਂ ਤੋਂ ਘਟਾ ਦਿੱਤੀ ਗਈ ਹੈ। ਕਰੀਬ 50 ਸਾਬਕਾ ਪਾਰਲੀਮੈਂਟ ਮੈਂਬਰਾਂ ਨੇ ਹਾਲੇ ਤੱਕ ਲੁਟੀਅਨਜ਼ ਦਿੱਲੀ ਵਿੱਚ ਆਪਣਾ ਸਰਕਾਰੀ ਬੰਗਲਾ ਖਾਲੀ ਨਹੀਂ ਕੀਤਾ। ਜੇ ਉਹ ਕੁਝ ਦਿਨਾਂ ਵਿੱਚ ਖਾਲੀ ਨਹੀਂ ਕਰਦੇ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ। ਜਿਨ੍ਹਾਂ 200 ਸਾਬਕਾ ਪਾਰਲੀਮੈਂਟ ਮੈਂਬਰਾਂ ਨੇ ਆਪਣਾ ਬੰਗਲਾ ਖਾਲੀ ਨਹੀਂ ਕੀਤਾ, ਉਨ੍ਹਾਂ ਨੂੰ 19 ਅਗਸਤ ਨੂੰ ਸੀ ਅਰ ਪਾਟਿਲ ਦੀ ਅਗਵਾਈ ਵਾਲੀ ਲੋਕ ਸਭਾ ਹਾਊਸਿੰਗ ਕਮੇਟੀ ਨੇ ਹੁਕਮ ਦਿੱਤਾ ਸੀ ਕਿ ਹਫਤੇ ਦੇ ਅੰਦਰ ਉਹ ਇਹ ਸਹੂਲਤ ਛੱਡ ਦੇਣ। ਉਨ੍ਹਾਂ ਦੀ ਬਿਜਲੀ, ਪਾਣੀ ਤੇ ਰਸੋਈ ਗੈਸ ਕੁਨੈਕਸ਼ਨ ਤਿੰਨ ਦਿਨਾਂ ਦੇ ਅੰਦਰ ਕੱਟ ਦਿੱਤੇ ਜਾਣ। ਕਮੇਟੀ ਦੇ ਆਦੇਸ਼ ਤੋਂ ਬਾਅਦ, ਬਹੁਤੇ ਸਾਬਕਾ ਪਾਰਲੀਮੈਂਟ ਮੈਂਬਰਾਂ ਨੇ ਆਪਣਾ ਅਧਿਕਾਰਤ ਬੰਗਲਾ ਖਾਲੀ ਕਰ ਦਿੱਤਾ ਪਰ 50 ਸਾਬਕਾ ਪਾਰਲੀਮੈਂਟ ਮੈਂਬਰਾਂ ਨੇ ਅਜੇ ਤੱਕ ਆਪਣੇ ਬੰਗਲੇ ਖਾਲੀ ਨਹੀਂ ਕੀਤੇ।

# ਖੂਬਸੂਰਤ ਕੁੜੀ ਦੀ ਮੌਤ ਕਾਰਨ ਈਰਾਨ ਵਿੱਚ ਤਰਥੱਲੀ ਪਿੱਛੋਂ ਕਾਨੂੰਨ ਬਦਲਣਾ ਪਿਆ

ਤਹਿਰਾਨ, 7 ਅਕਤੂਬਰ (ਪੋਸਟ ਬਿਊਰੋ)- ਕਿਹਾ ਜਾਂਦਾ ਹੈ ਕਿ ਖੇਡਾਂ ਪ੍ਰਤੀ ਦੀਵਾਨਗੀ ਨਾ ਮਜ਼ਹਬ ਦੇਖਦੀ ਹੈ ਅਤੇ ਨਾ ਮਹਿਲਾ ਪੁਰਸ਼ ਦਾ ਫਰਕ ਜਾਣਦੀ ਹੈ। ਈਰਾਨ ਦੀ ਇੱਕ ਖੂਬਸੂਰਤ ਫੁੱਟਬਾਲ ਫੈਨ ਇਸ ਤੋਂ ਵਾਕਫ ਸੀ। ਉਹ ਇਸ ਤਰ੍ਹਾਂ ਦੇ ਇਸਲਾਮੀ ਕਾਨੂੰਨਾਂ ਨੂੰ ਚੁਣੌਤੀ ਦੇਣਾ ਚਾਹੁੰਦੀ ਸੀ, ਪਰ ਜਿਊਂਦੇ-ਜੀਅ ਜੋ ਕੁਝ ਨਹੀਂ ਕਰ ਸਕੀ, ਉਸ ਦੀ ਮੌਤ ਪਿੱਛੋਂ ਪੂਰੇ ਈਰਾਨ ਵਿਚ ਇਸ ਨਾਲ ਤਰਥੱਲੀ ਮੱਚ ਗਈ। ਇਸ ਫੁੱਟਬਾਲ ਫੈਨ ਦੀ ਮੌਤ ਪਿੱਛੋਂ ਪੂਰੀ ਦੁਨੀਆ ਵਿਚ ਈਰਾਨ ਦੀ ਜ਼ਬਰਦਸਤ ਬਦਨਾਮੀ ਹੋਈ ਤਾਂ ਇਸ ਪਿੱਛੋਂ ਈਰਾਨ ਨੇ ਆਪਣੇ ਇਸਲਾਮੀ ਕਾਨੂੰਨ ਵਿਚ ਵੱਡਾ ਬਦਲਾਅ ਕੀਤਾ ਹੈ, ਜਿਸ ਦਾ ਪਹਿਲਾ ਅਤੇ ਸਭ ਤੋਂ ਵੱਡਾ ਨਜ਼ਾਰਾ 10 ਅਕਤੂਬਰ ਨੂੰ ਨਜ਼ਰ ਆਉਣ ਵਾਲਾ ਹੈ। ਈਰਾਨ ਦੀ ਇਸ ਖੂਬਸੂਰਤ ਫੁੱਟਬਾਲ ਫੈਨ ਲੜਕੀ ਸਹਿਰ ਖੋਡਯਾਰੀ (29 ਸਾਲ) ਨੇ ਸਿਰਫ ਇਸ ਲਈ ਮੌਤ ਨੂੰ ਗਲੇ ਲਾ ਲਿਆ ਕਿ ਉਹ ਤਹਿਰਾਨ ਦੇ ਆਜ਼ਾਦੀ ਸਟੇਡੀਅਮ ਵਿਚ ਆਪਣੇ ਪਸੰਦ ਦੀ ਟੀਮ ਨੂੰ ਫੁੱਟਬਾਲ ਮੈਚ ਦੇਖਣਾ ਚਾਹੁੰਦੀ ਸੀ। ਈਰਾਨ ਦੇ ਇਸਲਾਮਿਕ ਕਾਨੂੰਨ ਮੁਤਾਬਕ ਖੇਡ ਮੈਦਾਨ ਵਿਚ ਜਾ ਕੇ ਔਰਤਾਂ ਵੱਲੋਂ ਮੈਚ ਦੇਖਣ ਦੀ ਪਾਬੰਦੀ ਹੈ ਤੇ ਏਦਾਂ ਕਰਨ ਉੱਤੇ ਉਨ੍ਹਾਂ ਨੂੰ ਸਜ਼ਾ ਦੇਣ ਦੀ ਵਿਵਸਥਾ ਹੈ। ਕੰਪਿਊਟਰ ਸਾਇੰਸ ਵਿਚ ਗ੍ਰੈਜੂਏਟ ਸਹਿਰ ਆਪਣੇ ਦੇਸ਼ ਦੇ ਕਾਨੂੰਨ ਬਾਰੇ ਜਾਣਦੀ ਸੀ। ਇਸ ਦੇ ਬਾਵਜੂਦ ਉਹ ਆਪਣੀ ਪਸੰਦ ਦੀ ਫੁੱਟਬਾਲ ਟੀਮ ਨੂੰ ਅੱਖਾਂ ਸਾਹਮਣੇ ਸਟੇਡੀਅਮ ਵਿਚ ਖੇਡਦੇ ਦੇਖਣਾ ਚਾਹੁੰਦੀ ਸੀ। ਮਾਰਚ 2019 ਵਿਚ ਉਸ ਦੀ ਫੇਵਰੇਟ ਫੁੱਟਬਾਲ ਟੀਮ ਐਸਟੇਗਲਲ ਦਾ ਆਜ਼ਾਦੀ ਸਟੇਡੀਅਮ ਵਿਚ ਮੈਚ ਸੀ। ਐਸਟੇਗਲਲ ਵੀ ਈਰਾਨ ਦਾ ਇਕ ਫੁੱਟਬਾਲ ਕਲੱਬ ਹੈ। ਮੈਚ ਦੇਖਣ ਲਈ ਸਹਿਰ ਨੇ ਪੁਰਸ਼ਾਂ ਦੀ ਡ੍ਰੈਸ ਪਹਿਨੀ ਤੇ ਸਿਰ ਉੱਤੇ ਨੀਲੇ ਰੰਗ ਦਾ ਵਿੱਗ ਲਾ ਕੇ ਉਤੇ ਲੰਬਾ ਓਵਰਕੋਟ ਪਾ ਲਿਆ। ਫਿਰ ਸੁਰੱਖਿਆ ਬੰਦੋਬਸਤ ਤੋਂ ਬਚਦੀ ਉਹ ਸਟੇਡੀਅਮ ਵਿਚ ਪਹੁੰਚ ਗਈ, ਪਰ ਮੈਚ ਦੌਰਾਨ ਉਸ ਨੇ ਵਾਲਾਂ ਤੋਂ ਨੀਲੀ ਵਿੱਗ ਲਾਹ ਲਈ। ਪੁਰਸ਼ਾਂ ਦੀ ਡ੍ਰੈਸ ਵਿਚ ਸਟੇਡੀਅਮ ਵਿਚ ਮੈਚ ਵੇਖਦੀ ਸਹਿਰ ਦੀ ਫੋਟੋ ਮੈਚ ਦੌਰਾਨ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਗਈ। ਇਸ ਪਿੱਛੋਂ ਸੁਰੱਖਿਆ ਦਸਤਿਆਂ ਨੇ ਉਸ ਨੂੰ ਸਟੇਡੀਅਮ ਅੰਦਰ ਮੈਚ ਦੌਰਾਨ ਹੀ ਗ੍ਰਿਫਤਾਰ ਕਰ ਲਿਆ।



ਸਹਿਰ ਖੋਡਯਾਰੀ ਦੀ ਫਾਇਲ ਫੋਟੋ।

